ਮਾਸਿਕ ਪੱਤਰ

ੴ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

SURA Monthly Ludhiana

AUGUST 1999 ਅਗਸਤ ੧੯੯੯

## ਕਾਹੇ ਭਈਆ ਫਿਰਤੌ ਫੂਲਿਆ ਫੂਲਿਆ
## ਜਬ ਦਸ ਮਾਸ ਉਰਧ ਮੁਖ ਰਹਿਤਾ
## ਸੋ ਦਿਨੁ ਕੈਸੇ ਭੂਲਿਆ

ਕਬੀਰ ਜੀ

www.AKJ.Org

**Kaahey bheiya phirto phooleya phooleya Jab dass maas uradh-mukh rehta, so din kaisey bhooleya**

**~ BHAGAT KABIR**

**(Why O'brother, you go about puffed up. When you were in mother's womb for ten months with face hanging downwards; how, did you forget those days?)**

## The Invalid Pride

To inherit pride, just because one has a strong healthy physique and plenty of wealth etc. is not wise. Such a person, although not criticized openly, is not respected by anybody.

Bhagat Kabirji has these taunting words for this kind of person: "O brother, for about TEN MONTHS when you were hanging with face downwards, floating in the pulp of your mother's womb, you felt so low, and prayed humbly at every moment to God for coming out. You have then promised to thankfully keep Him in constant memory. How have you forgotten all that now?

Translation Rajinder Sinh Singh/24.

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


# ਸੂਰਾ ਮਾਸਿਕ ਪੱਤਰ SURA MONTHLY

[illegible] ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Sura-Internet passward- WWW.SURA-INTERNATIONAL.COM

ਜਿਲਦ ੩੩

ਅਗਸਤ ੧੯੯੯

ਅੰਕ ੮


## ਤਤਕਰਾ


- ਨਾਨਕ ਹਉਮੈ ਰੋਗ ਬੁਰੇ........................ ੨
- ਹਉਮੈ ਨਾਵੈ ਨਾਲ ਵਿਰੋਧ ਹੈ.................. ੫
- ਕਾਹਦਾ ਮਾਣ ਗੁਮਾਣ ਕਰੇ (ਕਵਿਤਾ)........ ੯
- ਜਬ ਹਮ ਹੋਤੇ ਤਬ ਤੂੰ ਨਾਹੀ................ ੧੦
- ਸੰਸਾਰ ਰੋਗੀ ਨਾਮ ਦਾਰੂ........................ ੧੪
- ਭੈਣੇ ਸਾਵਣੁ ਆਇਆ........................ ੧੬
- ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਮਰਯਾਦਾ....... ੧੭
- ਏਕ ਪਿਤਾ ਏਕਸੁ ਕੇ ਹਮ ਬਾਰਿਕ.............. ੧੮
- ਗੁਰਬਾਣੀ ਸ਼ੁੱਧ ਉਚਾਰਨ........................ ੧੯
- ਉਪਰੇਸ਼ਨ ਕਰਨ ਵਾਲੀ ਥਾਂ ਤੋ ਵਾਲਾਂ ਦਾ ਕੱਟਣਾ ੨੧
- ਆਓ ਸੱਚੇ ਅਮਲੀ ਬਣੀਏ........................ ੨੨
- ਵਡੇਰਾ ਗੁਰਸਿੱਖ ਪਰਿਵਾਰ........................ ੨੩
- ਜਾਣੇ ਅਣਜਾਣੇ (ਕਵਿਤਾ).................... ੨੫
- ਸਲੋਕ ਭਗਤ ਕਬੀਰ ਜੀ (Translation)....... ੨੬
- ਖਾਲਸਾ ਰਾਮਚੰਦਰ ਦੀ ਕੁਲ ਨਹੀਂ (ਕਵਿਤਾ).. ੨੮
- ਵਾਹੁ ਵਾਹੁ ਗੋਬਿੰਦ ਸਿੰਘ(ਕਵਿਤਾ)......... ੨੮
- ਕੇਸਕੀ ਤੇ ਸਿੰਘਣੀਆ.............................. ੨੯
- ਅੰਮ੍ਰਿਤ........................ ੩੨
- ਪਤਿਤ ਨੌਜੁਵਾਨਾਂ ਦੇ ਨਾਮ(ਕਵਿਤਾ).............. ੩੩
- ਹਿਰਦੇ ਵਸਾਉਣ ਵਾਲੀ ਕਥਾ...................... ੩੩
- ਕਰਮ ਫਿਲਾਸਫੀ.............................. ੩੪
- ਕੀਰਤਨ ਸਰਗਰਮੀਆਂ.............................. ੩੯


### ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਮੇਲਾ ਬਾਬਾ ਬਕਾਲਾ | ੨੬ ਅਗਸਤ |
| ਬਾਬੇ ਦਾ ਵਿਆਹ (ਬਟਾਲਾ) | ੩੦ ਅਗਸਤ |

### ਸੂਰਾ ਮਾਸਿਕ ਪੱਤਰ ਲੁਧਿਆਣਾ

ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400 ਰੁ: | 4000 ਰੁ: |

### ਚੰਦਾ ਭੇਜਣ ਦਾ ਪਤਾ


ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ ਲੁਧਿ: 141002
Tel. 0161-428194
Fax. 0161-536340,532147


ਸੂਰਾ ਵਿੱਚ ਛਪੇ ਲੇਖਾਂ ਵਿਚ ਪ੍ਰਗਟ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਟਾਈਟਲ ਡਿਜ਼ਾਈਨ : ਜਸਬੀਰ ਸਿੰਘ ਲੁਧਿਆਣਾ
ਰਜਿੰਦਰ ਸਿੰਘ ਸਿੰਘਾਪੁਰ

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ), ਡੀ-੯੩, ਬਲਾਕ-੧੦, ਪਾਹਵਾ ਰੋਡ ਲੁਧਿਆਣਾ ਫੋਨ 543591





www.AKJ.Org

(ਗੁਰਬਾਣੀ ਵੀਚਾਰ)

# ਨਾਨਕ ਹਉਮੈ ਰੋਗ ਬੁਰੇ॥

*ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥*
*ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥*
*ਨਾਨਕ ਹਉਮੈ ਰੋਗ ਬੁਰੇ॥*
*ਜਹ ਦੇਖਾ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ॥੧॥ਰਹਾਉ॥*
*ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ॥*
*ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ॥੨॥*
*ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ॥*
*ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ॥੩॥*
*ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥*
*ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ॥੪॥*
*ਰੋਗੀ ਸਾਤ ਸਮੁੰਦਸ ਨਦੀਆ ਖੰਡ ਪਤਾਲਸਿ ਰੋਗਿ ਭਰੇ॥*
*ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ॥੫॥*
*ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ॥*
*ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ॥੬॥*
*ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ॥*
*ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ॥੭॥*
*ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ॥*
*ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ॥੮॥*
*ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ॥*
*ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ॥੯॥੧॥*

(ਭੈਰਉ ਅਸਟ: ਮ:੧, ਪੰਨਾ ੧੧੫੩)

ਵਿਆਖਿਆ - ਆਤਮਾ ਵਿਚਿ ਪ੍ਰਮਾਤਮਾ ਵਸਦਾ ਹੈ ਅਤੇ ਪ੍ਰਮਾਤਮਾ ਵਿਚਿ ਆਤਮਾ ਹੈ। ਪਰ ਇਸ ਸਚਾਈ ਵਾਲੇ ਭੇਦ ਨੂੰ ਕੇਵਲ ਗੁਰੂ ਬਖਸ਼ੀ-ਤਤ-ਸਾਰ ਗੁਰਮਤਿ ਵੀਚਾਰ ਦੁਆਰਾ ਹੀ ਚੀਨਿਆ ਜਾ ਸਕਦਾ ਹੈ। ਸਰਬ ਵਿਆਪੀ ਪ੍ਰਮਾਤਮਾ ਦੇ ਸਰੂਪ ਵਿਚਿ ਆਤਮਾ ਦਾ ਵਸਣਾ ਤਾਂ ਇਕ ਆਮ ਫ਼ਹਿਮ ਰਵਾਇਤੀ ਰਮਜ਼ ਹੈ, ਪਰ ਆਤਮਾ ਵਿਚਿ ਪ੍ਰਮਾਤਮਾ ਦਾ ਹੋਣਾ ਆਮ ਸਮਝ ਤੋਂ ਪਰੇ ਦੀ ਗੱਲ ਹੈ। ਪ੍ਰੰਤੂ ਵਾਸਤਵ ਵਿਚਿ ਦੋਹਾਂ ਹੀ ਬੁਝਾਰਤਾਂ ਦੀ ਤੱਤ-ਲਖਤਾ ਉਦੋਂ ਹੀ ਲਖੀ ਜਾ ਸਕਦੀ ਹੈ ਜਦੋਂ ਗੁਰਮਤਿ ਨਾਮ ਅਭਿਆਸ ਦੀ ਅਧਿਆਤਮ ਕਮਾਈ ਦੁਆਰਾ ਅਕਲ ਲਤੀਫ਼ੀ ਆਤਮ-ਸਿੱਧੀ ਦੀ ਦਿੱਬਤਾ ਵਾਲੀ ਬੁੱਧੀ ਦਾ ਉਘਾੜ ਹੁੰਦਾ ਹੈ। ਓਦੂੰ ਪਹਿਲਾਂ ਤਾਂ ਆਤਮਾ ਦੀ ਮਾਹੀਅਤ ਦਾ ਹੀ ਪਤਾ ਨਹੀਂ ਲਗਦਾ। ਇਹ ਗੁਰਮਤਿ ਨਾਮ ਇਨਕਸ਼ਾਫ਼ਨੀ ਅਧਿਆਤਮ (ਬ੍ਰਹਮ) ਵਿਦਿਆ ਹੀ ਹੈ, ਜਿਸ ਕਰਕੇ ਆਤਮਾ ਅਤੇ ਪ੍ਰਮਾਤਮਾ ਦੇ ਸਰੂਪ ਦੀ ਪਰਤੱਖ ਲਖਤਾ ਹੁੰਦੀ ਹੈ। ਗੁਰਮਤਿ ਦਰਸਾਈ ਅਪਾਰ ਅਧਿਆਤਮ ਨਾਮ ਅਭਿਆਸ ਕਮਾਈ ਦੁਆਰਾ ਜਦੋਂ ਘਟ ਅੰਦਿਰ


www.AKJ.Org

ਜੋਤਿ ਪ੍ਰਕਾਸ਼ੀ ਚਾਨਣਾ ਹੁੰਦਾ ਹੈ, ਓਦੋਂ ਹੀ ਅਸਲ ਗੰਢ ਖੁਲ੍ਹਦੀ ਹੈ ਕਿ ਆਤਮਾ ਅੰਦਿਰ ਪ੍ਰਮਾਤਮਾ ਕਿਵੇਂ ਵਸਦਾ ਹੈ। ਆਤਮਾ ਅਤੇ ਪ੍ਰਮਾਤਮਾ ਦੇ ਸਰੂਪ ਦੀ ਭਿੰਨ ਭਿੰਨ ਅਤੇ ਅਭਿੰਨ ਨਿਰਖਤਾ ਵਾਲਾ ਤਤ-ਦਰਸੀ ਭੇਦ ਓਦੋਂ ਹੀ ਪ੍ਰਗਟ ਹੁੰਦਾ ਹੈ। ਆਤਮਾ ਅਤੇ ਪ੍ਰਮਾਤਮਾ ਦੇ ਸਰੂਪ ਦੀ ਪ੍ਰਸਪਰ ਓਤਪਤੀ ਅਭੇਦਤਾ ਦੀ ਗੁੰਝਲ ਓਦੋਂ ਹੀ ਖੁਲ੍ਹਦੀ ਹੈ। ਆਤਮਾ ਦੇ ਜੋਤਿ ਵਿਗਾਸੀ ਪ੍ਰਭਾਵ ਤੇਜ ਪ੍ਰਤਾਪ ਕਰਕੇ ਅੰਦਰ ਬਾਹਰਿ ਪ੍ਰਮਾਤਮਾ ਦੇ ਸਰਬ ਵਿਆਪਕਤਾ ਵਾਲੇ ਭੇਦ ਦੀ ਪਰਤੱਖ ਲਖਤਾ ਹੋ ਜਾਂਦੀ ਹੈ। ਤਾਂ ਹੀ ਤੇ ਇਹ ਕਹਿਣਾ ਠੀਕ ਫਬਦਾ ਹੈ ਕਿ "ਆਤਮ ਮਹਿ ਰਾਮੁ ਰਾਮ ਮਹਿ ਆਤਮੁ" ਦੇ ਗੁਰਵਾਕ ਭਾਵ ਅਨੁਸਾਰ ਆਤਮਾ ਅੰਦਰਿ ਪ੍ਰਮਾਤਮਾ ਅਤੇ ਪ੍ਰਮਾਤਮਾ ਅੰਦਰਿ ਆਤਮਾ ਹੈ। ਆਤਮ-ਪ੍ਰਕਾਸ਼ ਜੋਤਿ ਲਾਈਟ ਜੋਤਿ ਰੌਸ਼ਨੀ ਪ੍ਰਗਟ ਹੋਣ ਕਰਿ ਪ੍ਰਮਾਤਮਾ ਦੇ ਸਰੂਪ ਦਾ ਅਤੇ ਉਸ ਦੀ ਸਰਬ ਵਿਆਪਕਤਾ ਦਾ ਨਿਖਰਵਾਂ ਲਿਸ਼ਕਾਰ ਲਖਸ਼ਤ ਹੁੰਦਾ ਹੈ। ਇਉਂ 'ਆਤਮ ਮਹਿ ਰਾਮੁ' ਆਤਮਾ ਅੰਦਰਿ ਪ੍ਰਮਾਤਮਾ ਦੇ ਹੋਣ ਵਾਲੀ ਅਸਲੀਅਤ (ਹਕ਼ੀਕ਼ਤ) ਮੁਨਕਸ਼ਿਫ਼ ਹੁੰਦੀ ਹੈ ਤੇ ਪ੍ਰਮਾਂਤਮਾ ਦੇ ਸਰਬ ਵਿਆਪੀ ਹੋਣ ਵਾਲੀ ਹਕ਼ੀਕ਼ਤ ਆਪੇ ਹੀ ਇਸ ਮੁਇੰਮੇ (ਉਲਝਣ) ਨੂੰ ਹੱਲ ਕਰ ਦਿੰਦੀ ਹੈ ਕਿ ਪ੍ਰਮਾਤਮਾ ਅੰਦਰਿ ਆਤਮਾ, ਰਾਮ ਮਹਿ ਆਤਮ ਬਿਰਾਜਮਾਨ ਹੈ। ਇਸ ਮੁਇੰਮੇ ਦਾ ਤਤ ਹਲ 'ਚੀਨਸਿ ਗੁਰ ਬੀਚਾਰਾ' ਵਾਲੀ ਗੁਰਵਾਕ-ਪੰਗਤੀ ਅਸਲ ਅਰਥਾਂ ਵਿਚਿ ਹੈ, ਜੋ ਉਪਰਿ ਨਿਰਣਾਏ ਗਏ ਹਨ। ਗੁਰਬਾਣੀ ਦੇ ਪਾਰਸ-ਰਸਾਇਣੀ ਅੰਮ੍ਰਿਤ ਸਰੂਪਾਂ ਹੋਣ ਦਾ ਤੱਤ ਪਰਖ-ਪਛਾਣ ਸ਼ਬਦ ਗੁਰਮੰਤਰ ਦੀ ਕਮਾਈ ਕੀਤਿਆਂ ਹੀ ਹੁੰਦੀ ਹੈ ਅਤੇ ਪਾਰਸ-ਕਲਾ ਵਰਤਦੀ ਹੈ "ਅੰਮ੍ਰਿਤ ਬਾਣੀ ਸਬਦਿ ਪਛਾਣੀ" ਦੀ ਪਾਰਸ ਕਲਾ ਇਹ ਵਰਤਦੀ ਹੈ ਸਾਰੇ ਦੁਖ ਕਟੇ ਜਾਂਦੇ ਹਨ। ਅੰਮ੍ਰਿਤ ਨਾਮੁ ਅਤੇ ਅੰਮ੍ਰਿਤ ਬਾਣੀ ਦੇ ਅਭਿਆਸ ਦੇ ਤੁਫ਼ੈਲ ਸਗਲੇ ਦੂਖ ਰੋਗ ਕਟੇ ਜਾਂਦੇ ਹਨ ਅਤੇ ਹਉਮੈ ਦਾ ਬਿਨਾਸ ਹੋ ਜਾਂਦਾ ਹੈ। ਐਵੇਂ ਹੋਰ ਕਿਸੇ ਭੀ ਉਪਾਵ ਦੁਆਰਾ ਹਉਮੈ ਨਹੀਂ ਮਰਦੀ, ਗੁਰਮਤਿ ਨਾਮ ਸ਼ਬਦ ਗੁਰਬਾਣੀ ਦੇ ਅਭਿਆਸ ਨਾਲਿ ਮਰਦੀ ਹੈ। ਇਹ ਥੋੜੀ ਕਰਾਮਾਤ ਹੈ ? ਬਹੁਤ ਬੜੀ ਭਾਰੀ ਕਰਾਮਾਤ ਹੈ, ਨਾਮ ਬਾਣੀ ਦੀ ਅੰਮ੍ਰਿਤ ਸਰੂਪਾ ਪਾਰਸ-ਕਲਾ ਕਮਾਈ ਦੀ ਕਿ ਜੋ ਅਸਾਧ ਹਉਮੈ ਰੋਗੁ ਕਿਸੇ ਭੀ ਆਨਮਤ ਕਰਮ ਦੇ ਕਰਨ ਕਰਿ ਨਹੀਂ ਸਾਧਿਆ ਜਾ ਸਕਦਾ ਹੈ, ਉਹ ਕੇਵਲ ਗੁਰਮਤਿ ਨਾਮ ਅਭਿਆਸਨੀ ਅਧਿਆਤਮ ਕਰਮ ਦੁਆਰਾ ਸਾਧਿਆ ਜਾ ਸਕਦਾ ਹੈ। ਸਾਧਿਆ ਕੀ ? ਹਉਮੈ ਰੋਗ ਦਾ ਅਭਾਵ ਹੀ ਜਾਂਦਾ ਹੈ। ਐਸਾ ਹੈ ਗੁਰਮਤਿ ਅਧਿਆਤਮ ਕਰਮ । ਗੁਰੂ ਨਾਨਕ ਸਾਹਿਬ ਪੁਕਾਰ ਕੇ ਢੰਡੋਰਾ ਦਿੰਦੇ ਹਨ ਕਿ ਆਓ ਜਿਸ ਨੇ ਹਉਮੈ ਰੋਗ ਬਿਦਾਰਨਾ ਹੋਵੇ ਅਤੇ ਸਾਰੇ ਸਰੀਰਕ ਤੇ ਮਾਨਸਕ ਰੋਗ ਹਟਾਉਣੇ ਕਟਾਉਣੇ ਹੋਣ ਉਹ ਗੁਰੂ ਘਰ ਵਿਖੇ ਅਤੇ ਗੁਰ ਮਿਲਿ ਅਧਿਆਤਮ ਕਰਮ ਕਮਾਵੇ। ਤ੍ਰਿਕਾਲ ਦਰਸੀ ਗੁਰੂ ਨਾਨਕ ਸਾਹਿਬ ਅੰਤਰਜਾਮੀ ਨੇ ਸਾਰਾ ਸੰਸਾਰ ਹੀ ਇਸੇ ਇਕੋ ਪੀੜਾ ਦੁਖ (ਵਿਦਨ) ਹਉਮੈ ਰੋਗ ਦਾ ਗ੍ਰਸਿਆ ਹੋਇਆ ਦੇਖਿਆ ਅਤੇ ਸੰਸਾਰੀ ਜੀਵਾਂ ਤੇ ਤਰਸ ਖਾ ਕੇ ਆਪਣੀ ਅਪਾਰ ਬਖ਼ਸ਼ਸ਼ ਦੁਆਰਾ ਧੁਰ ਅਕਾਲ ਪੁਰਖ ਦੀ ਬਾਰਗਾਹ (ਦਰਗਾਹ) ਤੋਂ ਹਉਮੈ ਰੋਗ ਬਿਦਾਰਨੀ ਇਕੋ ਇਕ ਅਲੌਕਿਕ ਇਲਾਜ ਅਉਖਧ ਨਾਮ ਦਾਰੂ ਦਾ ਲਿਆਂਦਾ ਅਤੇ ਲਿਆ ਕੇ ਸੰਸਾਰ ਰੋਗੀ ਨਮਿਤ ਵਰਤਿਆ ਵਰਤਾਇਆ। ਐਸਾ ਤਰਸ, ਐਸੀ ਅਪਾਰ ਬਖ਼ਸ਼ਸ਼ ਦਇਆ ਮਇਆ ਮਿਹਰ ਅੱਜ ਤਾਈਂ ਨਾ ਕਿਸੇ ਪੈਗ਼ੰਬਰ ਅਵਤਾਰ ਅੰਦਰਿ ਹੋਈ ਹੈ, ਨਾ ਹੋਵੇਗੀ। ਨਾਲੇ ਰੋਗ ਦਾ ਪਛਾਣੂ, ਨਾਲੇ ਉਕਤ ਰੋਗ ਦੇ ਦਾਰੂ ਦਾ ਜਾਣੂ ਇਕੋ ਇਕ ਸਤਿਗੁਰੂ ਨਾਨਕ ਹੀ ਹੋਇਆ ਹੈ। ਹੋਰ ਨਾ ਕੋਈ ਹੋਇਆ ਨਾ ਹੋਵੇਗਾ। "ਆਪੇ ਬਖਸੈ ਸਬਦਿ ਧੁਰੇ" ਆਪੇ ਹੀ ਤਰਸ ਕੀਤਾ ਆਪ। ਹੀ ਬਖ਼ਸ਼ਸ਼ ਕੀਤੀ ਗੁਰ-ਸ਼ਬਦ ਦੀ। ਆਪ ਹੀ ਧੁਰੋਂ ਪਾਰਸ ਰਸਾਇਣੀ ਸ਼ਬਦ ਦੀ ਦਾਰੂ-ਅਉਖਧੀ ਆਂਦੀ (ਧੁਰੋਂ ਲਿਆਂਦੀ)। ਆਪ ਸੰਸਾਰ ਰੋਗੀ ਦੀ ਬੇਦਨ ਜਾਣੀ, ਆਪ ਹੀ ਨਬਜ਼ ਪਛਾਣੀ, ਆਪੇ ਅਸਲ ਰੋਗ ਦੀ ਜੜ ਉਖਾੜਨੀ ਠਾਣੀ॥੧॥ ਰਹਾਉ॥

ਏਵਦ ਵਡਾ ਉਪਕਾਰੀ ਹੋ ਕੇ ਫੇਰ ਏਸ ਉਪਕਾਰ ਦੀ ਸਾਰੀ ਵਡਿਆਈ ਵਾਹਿਗੁਰੂ ਪ੍ਰਮਾਤਮਾ ਨੂੰ ਦਿਤੀ ਅਤੇ ਆਖਿਆ (ਫੁਰਮਾਇਆ), "ਆਪੇ-ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ।" ਪਰਖਣਹਾਰੇ ਨੇ ਐਸਾ ਪਛਾਣਿਆ ਪਰਖਿਆ ਰੋਗ ਨੂੰ ਅਤੇ ਐਸਾ ਅਉਖਧ ਲਾਇਆ ਇਸ ਰੋਗ ਦਾ, ਕਿ ਮੁੜ ਕੇ ਇਹ ਸੂਲ ਸਮਾਨ ਕਸ਼ਟ ਕਿਸੇ ਨੂੰ ਨਾ ਹੋਇਆ। ਸਭ ਕਸ਼ਟ ਰੋਗ ਤੇ ਸੂਲ ਸਭ ਦੇ ਮਿਟ ਗਏ। ਤਿਨ੍ਹਾਂ ਦੇ ਮਿਟੇ ਜਿਨ੍ਹਾਂ ਉਪਰਿ

ਨਦਰਾਲੂ ਦੀ ਨਦਰ ਹੋਈ ਅਤੇ ਨਦਰ ਕਰ ਕੇ ਉਸ ਨੂੰ ਸਤਿਗੁਰੂ ਦਾ ਮਿਲਾਪ ਹੋਇਆ ਅਤੇ ਜੋ ਕੁਛ ਸਤਿਗੁਰੂ ਨੂੰ ਭਾਇਆ, ਅਰਥਾਤ ਜੋ ਸਤਿਗੁਰੂ ਦਾ ਹੁਕਮ ਹੋਇਆ, ਉਸ ਨੂੰ ਜਿਨ੍ਹਾਂ ਨੇ ਕਮਾਇਆ, ਉਹਨਾਂ ਦੇ ਸਾਰੇ ਰੋਗ ਸਣੇ ਹਉਮੈ ਰੋਗ ਦੇ ਮਿਟ ਗਏ। ਜਿਹੜੇ ਅਭਾਗੇ ਪਰਮ ਹੰਕਾਰੀ ਸਤਿਗੁਰੂ ਦੀ ਸਰਣਾਗਤਿ ਨਹੀਂ ਆਏ, ਉਹ ਰੋਗੀ ਹੀ ਰਹੇ। ਰੋਗ ਕਦੇ ਨ ਮਿਟੇ ਨ ਮਿਟਣਗੇ, ਜਦ ਤਾਈਂ ਸਤਿਗੁਰੂ ਦੀ ਸਰਣੀ ਨਹੀਂ ਅਉਣਗੇ। ਨਾਮ ਤੋਂ ਬਿਨਾਂ, ਜਿਥੇ ਨਾਮ ਨਹੀਂ ਵਰਤਿਆ (ਤਿਥੇ) ਰੋਗ ਹੀ ਰੋਗ ਵਿਆਪਿਆ ਹੋਇਆ ਹੈ॥੨॥

ਨਾਮ ਕਲਾ ਦੇ ਵਰਤਣ ਬਿਨਾਂ, ਨਾਮ ਬਿਹੂਣੇ ਜਿਤਨੇ ਭੀ ਪਉਣ ਪਾਣੀ ਬੈਸੈਂਤਰ ਦੇ ਪੁਲਾੜ ਮੰਡਲ ਹਨ ਤਿਨ੍ਹਾਂ ਵਿਖੇ ਸਾਰੇ ਹੀ ਰੋਗ ਵਿਆਪਿਆ ਪਿਆ ਹੋਇਆ ਹੈ। ਸਭੇ ਮੰਡਲ ਰੋਗ-ਗ੍ਰਸਤ ਹਨ। ਮਾਇਕ ਪਦਾਰਥੀ ਭੋਗਾਂ ਵਾਲੀ ਧਰਤੀ ਭੀ ਰੋਗ ਦੀ ਹੀ ਗ੍ਰਹਿਣੀ ਹੋਈ ਹੈ। ਆਮ ਸੰਸਾਰੀਆਂ ਦੇ ਕੁਟੰਬਾਂ ਦੇ ਕੁਟੰਬ ਪਰਵਾਰਾਂ ਦੇ ਪਰਵਾਰ ਸਾਰੇ ਰੋਗ-ਗ੍ਰਸਤ ਹਨ। ਸੰਸਾਰਕ ਮਾਤਾ ਪਿਤਾ ਆਦਿ ਸਰਬ ਸਨਬੰਧੀ ਭੀ ਰੋਗੀ ਹਨ। ਮਾਟੀ ਦੇ ਪੁਤਲੇ ਵਾਲੀ ਦੇਹ ਮਾਇਆ-ਧਾਰੀਆਂ ਦੀ ਸਾਰੀ ਜ਼ਿੰਦਗੀ ਰੋਗਾਂ ਦੀ ਗ੍ਰਸੀ ਹੋਈ ਹੈ। ਸੰਸਾਰੀ ਸੰਜੋਗ ਨਾਤੇ ਭੀ ਸਭ ਰੋਗ ਪੂਰਤ ਹਨ॥੩॥

ਹਿੰਦੂਆਂ ਆਨਮਤੀਆਂ ਦ ਸਾਰੇ ਦੇਵਤੇ ਭੀ ਰੋਗੀ ਹਨ। ਬ੍ਰਹਮਾ ਭੀ ਰੋਗੀ ਵਿਸ਼ਨੂੰ ਦੇਵਤਾ ਭੀ ਰੋਗੀ, ਰੁਦਰ ਮਹੇਸ਼ ਸ਼ਿਵਜੀ ਦੇਵਤਾ ਭੀ ਰੋਗੀ। ਸਾਰਾ ਸੰਸਾਰ ਹੀ ਰੋਗੀਆਂ ਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਹਰਿ ਪਦ ਚੀਨਿਆ ਹੈ ਸੋ ਮੁਕਤੀਸ਼ਰ ਸਗਲੇ ਰੋਗਾਂ ਤੋਂ ਭੀ ਮੁਕਤ (ਖਾਲਸ) ਹੋ ਗਏ। ਪਰ ਗੁਰ-ਸ਼ਬਦ ਦੀ ਕਮਾਈ ਕਰ ਕੇ ਮੁਕਤ ਅਤੇ ਰੋਗ ਰਹਿਤ ਹੋਏ॥੪॥

ਸਤੇ ਸਮੁੰਦਰ ਸਣੇ ਸਮੁੰਦਰਾਂ ਵਿਚਿ ਪੈਣ ਵਾਲੀਆਂ ਨਦੀਆਂ ਅਤੇ ਦਰਿਆਵਾਂ ਦੇ ਸਭੇ ਰੋਗੀ ਹਨ। ਜਿਤਨੇ ਵੀ ਖੰਡ ਬ੍ਰਹਮੰਡ ਪਾਤਾਲ ਪੁਰੀਆਂ ਲੋਆ ਹਨ, ਸਭੇ ਰੋਗਾਂ ਦੇ ਭਰੇ ਹੋਏ, ਰੋਗ ਨਾਲਿ ਹੀ ਭਰਪੂਰ ਜਾਣੋ। ਇਹ ਹਰਿ ਕੇ ਲੋਗ ਗੁਰਮੁਖ ਸੰਤ ਭਗਤ ਜਨ ਹੀ ਹਨ ਜੋ ਸੱਚੀਆਂ ਅਧਿਆਤਮ ਕਮਾਈਆਂ ਕਰਿ ਕਰਿ ਸਦਾ ਸੁਖੀਏ ਅਤੇ ਸੁਹੇਲੇ ਹਨ ਅਤੇ ਦੁਖਾਂ ਦੇ ਦੁਹਾਲਾ ਪਨ ਤੋਂ ਰਹਿਤ ਹੋਏ ਹਨ ਅਤੇ ਹੋ ਰਹਿਣਗੇ। ਨਦਰਾਲੂ ਗੁਰੂ ਕਰਤਾਰ ਉਹਨਾਂ ਦੀ ਸਰਬੀ ਠਾਈਂ ਸਭ ਠਉਰ ਟਿਕਾਣਿਆਂ ਪਰ ਉਨ੍ਹਾਂ ਉਤੇ ਨਦਰ ਮੇਹਰ ਕਰਦਾ ਹੈ ਅਤੇ ਹੱਥ ਦੇ ਕੇ ਉਨ੍ਹਾਂ ਨੂੰ ਰੋਗੋਂ ਰਹਿਤ ਰਖਦਾ ਹੈ। ਸਰਬ ਰੋਗਾਂ ਤੋਂ ਰਹਿਤ ਰਖਦਾ ਹੈ॥੫॥

ਖਟ ਦਰਸ਼ਨਾਂ ਛੇਈ ਸ਼ਾਸਤਰਾਂ ਵਾਲੇ ਭੇਖਧਾਰੀ ਸਭਿ ਰੋਗੀ ਹੀ ਹਨ ਅਤੇ ਨਾਨਾ ਪਰਕਾਰ ਦੇ ਸਰੱਬਤ ਆਨਮਤੀ ਹਠ-ਕਰਮੀਏ ਹਠੀ ਲੋਗ ਸਭੇ ਹੀ ਰੋਗੀ ਹਨ। ਹਿੰਦੂਆਂ ਦੇ ਬੇਦ ਅਤੇ ਯਵਨੀਆਂ ਦੇ ਕਤੇਬ (ਕੁਰਨ, ਤੌਰੇਤ, ਜੰਬੂਰ, ਅੰਜੀਲ) ਖਿਚਾਰੇ ਭੀ ਕੀਹਦੇ ਪਾਣੀਹਾਰ ਹਨ ਕੀ ਕਰ ਸਕਦੇ ਹਨ, ਜੋ ਰੋਗ ਰਹਿਤ ਹੋ ਸਕਣ। ਉਹ ਭੀ ਉਪਰ ਦਸੇ ਰੋਗੀਆਂ ਦੇ ਭੇੜਰੰਭੇ ਵਿਚਿ ਹੀ ਸੁਮਾਰ ਹਨ। ਇਕ ਅਕਾਲ ਪੁਰਖ ਦੀ ਸੱਚੀ ਸੂਝ ਤੋਂ ਰਹਿਤ ਹੋਣ ਕਰਕੇ ਇਹ ਬੇਦ ਕਤੇਬ ਆਦਿਕ ਸਾਰੇ ਨਾਮ ਤੋਂ ਘੁਥੇ ਹੋਏ ਹਨ। ਇਸ ਕਰਕੇ ਸਭੇ ਰੋਗੀ ਹਨ॥੬॥

ਨਾਨਾ ਪਰਕਾਰ ਦੇ ਮਿਠ ਰਸ ਭੋਜਨ ਗ੍ਰਿਹਸਤੀ ਲੋਗ ਭੀ ਸਾਰੇ ਰੋਗੀ ਹਨ ਅਤੇ ਗ੍ਰਿਹਸਤ ਤੋਂ ਤਿਆਗੀ ਜੰਗਲਾਂ ਵਿਚਿ ਜਾ ਕੇ ਕੰਦ ਮੂਲ ਖਾਣ ਵਾਲੇ ਸੰਨਿਆਸੀ ਭੀ ਸਭ ਰੋਗੀ ਹਨ। ਗ੍ਰਿਸਤੀ ਤਿਆਗੀ ਸਭਿ ਰੋਗ-ਗ੍ਰਸਤ ਹੋਣ ਕਰਕੇ ਸਭੇ ਰੋਗੀ ਹਨ, ਦੁਖੀਏ ਹਨ, ਸੁਖੀਆ ਇਨ੍ਹਾਂ ਵਿਚੋਂ ਕੋਈ ਭੀ ਨਹੀਂ। ਜੋ ਗੁਰਮਤਿ ਨਾਮ ਨੂੰ ਵਿਸਾਰ ਦੇ ਹੋਰ ਆਨਮਤਿ ਮਾਰਗ ਤੇ ਚਲਦੇ ਹਨ ਉਹ ਅੰਤ ਕਾਲ ਸਮੇਂ ਪਛਤਾਉਣਗੇ ਤੇ ਰੋਗ-ਗ੍ਰਸੇ ਹੀ ਚਲੇ ਜਾਣਗੇ ॥੭॥

ਤੀਰਥ ਤੇ ਭਰਮਿਆਂ ਭੀ ਰੋਗ ਨਹੀਂ ਛੁਟਦਾ। ਤਿਨ੍ਹਾਂ ਆਨਮਤ ਪੁਸਤਕਾਂ ਦਾ ਇਲਮ ਪੜ੍ਹਿਆ ਲਿਖਿਆ ਸਭ ਬਾਦ ਬਰਬਾਦ ਹੀ ਗਇਆ। ਬਾਦ ਬਿਬਾਦੀ ਝਗੜਿਆਂ ਵਿਚਿ ਝਗੜਦਿਆਂ ਅਜਾਈਂ ਹੀ ਗਇਆ। ਜਿਸ ਨੂੰ ਦੁਬਿਧਾ ਦਾ ਰੋਗ ਚਿੰਮੜ ਜਾਏ, ਉਹ ਅਧਿਕ ਵਡੇਰਾ ਰੋਗ ਹੈ। ਇਸ ਰੋਗ ਦਾ ਗ੍ਰਸਿਆ ਹੋਇਆ ਸਾਰਾ ਰੋਗੀ ਸੰਸਾਰ ਮਾਇਆ ਮੁਥਾਜ ਬਣਿ ਰਹਿਆ ਹੈ। ਮਾਇਆ ਦੀ ਮੁਥਾਜੀ ਇਕ ਬੜਾ ਭਾਰੀ ਦੁਬਿਧਾ ਰੋਗ ਹੈ॥੮॥

(ਬਾਕੀ ਪੰਨਾ ੧੩ ਤੇ ...) )

# ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ॥

(ਵਲੋਂ ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਅਸੀਂ ਗੁਰਬਾਣੀ ਦੇ ਸ਼ਰਧਾਲੂ ਭੀ ਸਦਾਉਂਦੇ ਹਾਂ ਅਤੇ ਗੁਰੂ ਘਰ ਦੇ ਪ੍ਰੇਮੀ ਭੀ। ਪਰ ਕੀ ਕਦੇ ਗੁਰਮਤਿ ਸੰਬੰਧੀ ਗੂੜ੍ਹ ਪ੍ਰੰਤੂ ਸਪਸ਼ਟ ਆਸ਼ੇ ਪੂਰਤ ਗੁਰਵਾਕਾਂ ਦੇ ਭਾਵ ਨੂੰ ਦਿੱਬ ਅਤੇ ਡੂੰਘੀ ਵਿਚਾਰ ਸਹਿਤ ਵਿਚਾਰ ਕੇ, ਅਤੇ ਇਸ ਵਿਚਾਰ ਪੂਰਤ ਗੁਰਮਤਿ ਦੇ ਸਾਰ-ਆਸ਼ੇ ਨੂੰ ਆਪਣੇ ਜੀਵਨਾਂ ਉਤੇ ਘਟਾ ਕੇ ਭੀ ਦੇਖਿਆ ਹੈ ? ਜੇ ਨਹੀਂ ਦੇਖਿਆ ਤਾ ਆਓ ਅਜ ਅਸੀਂ ਵੰਨਗੀ ਮਾਤ੍ਰ ਉਪਰਲੇ ਸੁਰਖ਼ੀ ਵਾਲੇ ਗੁਰਵਾਕ ਦੇ ਸਾਰ-ਭਾਵ ਅੰਦਰ ਚੁੱਭੀ ਮਾਰ ਕੇ ਅਤੇ ਇਸ ਸਾਰ-ਭਾਵ ਤੋਂ ਸਪਸ਼ਟ ਹੋਈ ਗੁਰਮਤਿ-ਕਸਵੱਟੀ ਅਨੁਸਾਰ ਆਪੋ ਆਪਣੀ ਆਤਮਕ ਬਵਸਥਾ ਨੂੰ ਨਿਹਾਰ ਕੇ ਦੇਖੀਏ। ਇਸ ਸਿਰਲੇਖ ਦੀ ਸੋਭਾ ਵਿਚ ਸਸ਼ੋਭਤ ਹੋਏ ਗੁਰਵਾਕ ਨੂੰ ਸੁਗਮ ਦ੍ਰਿਸ਼ਟੀ ਸੇਤੀ ਨਿਹਾਰਨ ਨਾਲ ਪ੍ਰਿਥਮ ਹੀ ਜੋ ਭਾਵ ਇਸ ਗੁਰਵਾਕ ਦਾ ਸਪਸ਼ਟ ਹੁੰਦਾ ਹੈ, ਉਹ ਇਹ ਹੈ ਕਿ "ਹਉਮੈ" ਹੰਗਤਾ ਅਤੇ "ਨਾਮ" ਦਾ ਪਰਸਪਰ ਵਿਰੋਧ ਹੈ। ਜਿਥੇ 'ਹਉਮੈਂ' ਦਾ ਨਿਵਾਸ ਹੈ ਉਥੇ ਨਾਮ ਦਾ ਨਿਵਾਸ ਨਹੀਂ। ਜਿਥੇ ਨਾਮ ਦਾ ਨਿਵਾਸ ਹੈ ਉਥੇ 'ਹਉਮੈਂ' ਦਾ ਬਿਨਾਸ ਹੈ। ਜਿਸ ਹਿਰਦੇ ਵਿਖੇ, ਜਿਸ ਅਸਥਾਨ ਵਿਖੇ, ਜਿਸ ਭੂਮਕਾ ਵਿਖੇ, ਜਿਸ ਮੰਡਲ ਵਿਖੇ 'ਹਉਮੈਂ' ਦਾ ਬਸੇਰਾ ਹੈ, ਤਿਸ ਹਿਰਦੇ, ਤਿਸ ਅਸਥਾਨ, ਤਿਸ ਭੂਮਕਾ, ਤਿਸ ਮੰਡਲ ਵਿਖੇ ਨਾਮ ਦਾ ਨਮੂਦ ਨਹੀਂ; ਅਤੇ ਜਿਸ ਹਿਰਦੇ, ਜਿਸ ਅਸਥਾਨ, ਜਿਸ ਭੂਮਕਾ, ਜਿਸ ਮੰਡਲ ਵਿਖੇ ਨਾਮ ਦਾ ਵਾਸਾ ਹੈ, ਉਥੇ 'ਹਉਮੈਂ' ਦਾ ਨਾਉਂ ਥੇਹ ਨਹੀਂ ਰਹਿੰਦਾ। ਜਿਥੇ ਹਉਮੈ ਹੈ, ਉਥੇ ਨਾਮ ਦਾ ਅਭਾਵ ਹੈ। ਦੋਈ ਇਕ ਸਮੇਂ ਅੰਦਰ ਇਕੋ ਅਸਥਾਨ ਵਿਖੇ ਨਹੀਂ ਰਹਿ ਸਕਦੇ। ਜਿਥੇ 'ਹਉਮੈਂ' ਦਾ ਪਸਾਰਾ ਹੈ ਉਥੇ ਨਾਮ ਦਾ ਵਰਤਾਰਾ ਨਹੀਂ। ਜਿਥੇ ਨਾਮ ਦਾ ਵਰਤਾਰਾ ਹੈ ਉਥੇ ਹਉਮੈ ਦਾ ਪਸਾਰਾ ਨਹੀਂ। ਇਹ ਭਾਵ-ਅਰਥ ਤਾਂ ਸਾਫ਼ ਸਪਸ਼ਟ ਹਨ, ਪਰੰਤੂ 'ਹਉਮੈਂ' ਅਤੇ 'ਨਾਮ' ਪਦਾਂ ਦੀ ਵਿਆਖਿਆ ਦੀ ਨਿਰਣੇ-ਪੂਰਤ ਲੋੜ ਹੈ। ਇਸ ਨਿਰਣੇ ਬਿਹੂਣ ਅਸਾਨੂੰ ਲਾਭ, ਅਗਲੀ ਸਾਰ-ਲਾਭ ਨਹੀਂ ਪਹੁੰਚਣਾ।

ਲਓ ਪਹਿਲਾਂ 'ਹਉਮੈਂ' ਦੀ ਵਿਆਖਿਆ ਕਰੀਏ। 'ਹਉਮੈਂ' ਦਾ ਆਮ ਅਰਥ ਹੰਗਤਾ ਹੈ; ਜਿਸ ਨੂੰ ਦੂਜੇ ਪਦਾਂ ਵਿਚ ਮੈਂ-ਮੇਰੀ ਆਖਦੇ ਹਨ, ਉਸ ਮੈਂ-ਮੇਰੀ ਦੀ ਘੁੰਮਣ-ਘੇਰੀ ਵਿਚ ਜਦ ਤਾਈਂ ਕਿ ਪ੍ਰਾਣੀ ਭੰਬਲ-ਭੂਸੇ ਖਾਂਦਾ ਹੈ ਤਦ ਤਾਈਂ ਜਾਣੋਂ ਭਰਮ ਹੀ ਭਰਮ ਵਿਚ ਭਟਕਦਾ ਫਿਰਦਾ ਹੈ। ਕਾਜ ਉਸ ਦਾ ਕੁਝ ਨਹੀਂ ਸਰਦਾ, ਯਥਾ ਗੁਰਵਾਕ -

ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕੁ ਨਹੀ ਸਰੈ॥

ਇਸ ਮੈਂ-ਮੇਰੀ ਦੇ ਬੰਧਨ ਵਿਚ ਬੰਧਿਆ ਹੋਇਆ ਅਤੇ ਇਸ ਮੈਂ-ਮੇਰੀ ਦੀ ਹਨੇਰੀ ਵਿਚ ਅੰਨ੍ਹਾ ਹੋਇਆ ਪ੍ਰਾਣੀ ਅੱਕੀਂ-ਪਲਾਹੀਂ ਹੱਥ ਪਾਉਂਦਾ ਹੈ। ਮੈਂ-ਮੇਰੀ ਧਾਰ ਕੇ ਹੀ ਸੰਸਾਰ ਦੀ ਸਰਬ ਸਮੱਗਰੀ ਨੂੰ ਸਮੇਟ ਕੇ ਆਪਣੀ ਬਣੀ ਲੋੜ ਦੀ ਲਾਲਸਾ ਵਿਚ ਚੱਤੋ ਪਹਿਰ ਲਗਿਆ ਰਹਿੰਦਾ ਹੈ ਅਤੇ ਲੋਭ-ਲਹਿਰ ਦਾ ਗ੍ਰਸਿਆ ਹੋਇਆ ਦਸੋ ਦਿਸ ਧਾਂਵਦਾ ਫਿਰਦਾ ਹੈ। ਇਸ ਮੈਂ-ਮੇਰੀ ਵਿਚ ਫਾਥਿਆ ਹੋਇਆ ਹੀ ਮੋਹ-ਮਮਤਾ ਦਾ ਪੈਖੜ ਪੈਰੀਂ ਪਾ ਬਹਿੰਦਾ ਹੈ, ਅਤੇ ਕੂੜਾਵੀ ਆਸਾ-ਤ੍ਰਿਸ਼ਨਾ ਦੀ ਜੇਵੜੀ ਨਾਲ ਆਪਣਾ-ਆਪ ਜਕੜ ਲੈਂਦਾ ਹੈ। ਪਰ-ਧਨ, ਪਰ-ਤਨ ਹਿਰਨ ਦੀ ਬਿਆਧ ਜੇ ਉਪਜਦੀ ਹੈ ਤਾਂ ਇਸੇ ਮੈਂ-ਮੇਰੀ ਤੋਂ। ਗੱਲ ਕੀ, ਕਾਮ ਕਰੋਧ ਅਨੇਕ ਪ੍ਰਕਾਰ ਦੇ ਅਉਗੁਣਾਂ ਵਿਚ ਗ੍ਰਸਤ ਕਰ ਕੇ ਇਕੋ ਮੈਂ-ਮੇਰੀ ਪ੍ਰਾਣੀ ਨੂੰ ਅਨੇਕ ਦਰ ਖੱਜਲ-ਖੁਆਰ ਕਰਾਉਂਦੀ ਫਿਰਦੀ ਹੈ। ਇਸ ਮੈਂ-ਮੇਰੀ 'ਹਉਮੈਂ' ਰੋਗ ਦਾ ਗ੍ਰਸਿਆ ਹੋਇਆ ਪ੍ਰਾਣੀ ਆਪਣੀ ਆਯੂ ਨੂੰ ਐਵੇਂ ਅਕਾਰਥ ਅਤੇ ਅਜਾਈਂ ਹੀ ਬਤੀਤ ਕਰ ਦਿੰਦਾ ਹੈ। ਅਤੇ ਜੂਏ ਜਨਮ ਹਾਰ ਕੇ ਦੋਈ ਹਥ ਝਾੜ ਇਸ ਸੰਸਾਰ ਤੋਂ ਜੁਆਰੀਆਂ ਵਤ, ਰੰਕ ਦਾ ਰੰਕ ਹੀ ਉਠ ਜਾਂਦਾ ਹੈ, ਹੱਥ ਪੱਲੇ ਕੱਖ ਨਹੀਂ ਰਹਿੰਦਾ।

ਇਸ 'ਹਉਮੈਂ' ਰੋਗ ਦਾ ਨਾਉਂ ਆਪਾ-ਪ੍ਰਸਤੀ ਹੈ। ਅਤੇ ਉਪਰਲੇ ਸਿਰਲੇਖ-ਪਰਮਾਣ ਅੰਦਰ ਜੋ ਹਉਮੈ ਦਾ ਨਾਵੈ ਨਾਲ ਵਿਰੋਧ ਦਸਿਆ ਹੈ, ਸੋ ਉਸ 'ਹਉਮੈਂ' ਤੋਂ ਮੁਰਾਦ ਆਪਾ-ਪ੍ਰਸਤੀ ਹੀ ਹੈ। ਜਿਥੇ ਆਪਾ-ਪ੍ਰਸਤੀ ਹੈ ਉਥੇ ਨਾਮ ਕਿਥੇ ? ਆਪਾ ਵਾਰ ਕੇ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਆਪੇ ਨੂੰ ਹਉਮੈ ਛਡੇ


www.AKJ.Org

ਬਿਨਾਂ ਨਾਮ ਵਲ ਲਗਣਾ ਹੀ ਅਤੀ ਅਸੰਭਵ ਹੈ। ਇਸ ਆਪੇ ਨੂੰ ਹੋਮਣ ਹਿਤ ਕਿਹੜੀ ਕਾਰ ਕਰਨੀ ਲੋੜੀਂਦੀ ਹੈ, ਜਿਸ ਤੋਂ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ? ਸੋ ਕਾਰ ਇਹ ਹੈ, ਜੈਸਾ ਕਿ ਸਤਿਗੁਰੂ ਜੀ ਫ਼ੁਰਮਾਉਂਦੇ ਹਨ, ਯਥਾ ਗੁਰਵਾਕ –

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥ ਗੁਰੂ ਦੁਆਰੈ ਹੋਇ ਕੈ ਸਾਹਿਬੁ ਸਮਾਲੇਹੁ॥
ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ॥
ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ॥
ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ॥
ਨਾਨਕ ਐਥੇ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ॥ (ਮ: ੪, ਬਿਹਾਗੜੇ ਕੀ ਵਾਰ)

ਸੋ ਸਤਿਗੁਰ ਦਾ ਇਹ ਫ਼ੁਰਮਾਨ ਹੈ ਆਪਾ ਹੋਮਣ ਹਿਤ, ਸੱਚੀ ਕਾਰ ਕਰਨ ਪ੍ਰਥਾਇ॥ ਇਸ ਆਪਾ ਹੋਮਣ ਦਾ ਕੇਵਲ ਇਹੋ ਉਪਾਉ ਹੈ ਕਿ ਗੁਰੂ ਨੂੰ ਧਾਰਨ ਕਰੇ, ਅਰਥਾਤ ਗੁਰੂ ਦਾ ਸਿਖ ਬਣੇ। "ਸਿਖੀ ਸਿਖਿਆ ਗੁਰ ਵੀਚਾਰਿ" ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਦੀ ਸਿਖਿਆ ਧਾਰਨਹਾਰਾ ਹੀ ਗੁਰੂ ਦਾ ਸਿਖ ਸਦਵਾ ਸਕਦਾ ਹੈ। ਜਦ ਤੀਕਰ ਇਹ ਗੁਰ-ਸਿਖਿਆ ਪ੍ਰਾਪਤ ਨਹੀਂ ਹੁੰਦੀ ਤਦ ਤੀਕਰ ਪ੍ਰਾਣੀ ਆਪਣੇ ਮਨ ਦੀ ਸਿਖਿਆ ਮੂਜਬ ਹੀ ਚਲਦਾ ਹੈ। ਇਸ ਦਾ ਨਾਉਂ ਹੀ ਮਨਮਤ ਹੈ। ਇਸ ਮਨ ਦੀ ਮਤ ਦਾ ਨਾਉਂ ਹੀ ਆਪਾ-ਪ੍ਰਸਤੀ ਅਰਥਾਤ ਹਉਮੈ ਹੈ। ਸੋ ਇਸ ਹਉਮੈ ਨੂੰ ਹੋਮਣ ਦਾ ਇਸ ਤੋਂ ਵਧ ਕੇ ਹੋਰ ਕੋਈ ਹੀਲਾ ਨਹੀਂ ਕਿ ਪ੍ਰਾਣੀ ਮਨ ਤੀ ਮਤ ਅਨੁਸਾਰ ਚਲਣੋਂ ਹਟ ਜਾਏ। ਪਰੰਤੂ ਆਪੋਂ ਹਟਣਾ ਔਖਾ ਤੇ ਅਸੰਭਵ ਹੈ, ਕਿਉਂਕਿ ਮਨ ਨੇ ਤਾਂ ਮੋੜ ਘੇੜ ਕੇ ਆਪਣੀ ਮਤ ਮਗਰ ਹੀ ਲਾਉਣਾ ਹੋਇਆ। ਇਸ ਹਉਮੈ ਰੂਪੀ ਮਨ ਦੀ ਮਤ ਤੋਂ ਛੁਟਕਾਵਣ ਲਈ ਕੇਵਲ ਉਹ ਮਤ ਹੀ ਸਮਰਥ ਹੈ ਜਿਸ ਮਤ ਅੰਦਰ ਹਉਮੈ ਰੂਪੀ ਮਨ ਦੀ ਮਤ ਵਲ ਲਿਜਾਵਣ ਵਾਲੀ ਮਤ ਦੀ ਰਾਈ-ਰਿਜ਼ਮ ਭੀ ਨਾ ਹੋਵੇ। ਉਹ ਮਤ ਕੇਵਲ ਗੁਰਮਤਿ ਹੈ। ਜੋ ਗੁਰੂ ਦੁਆਰੇ ਹੀ ਲਭਦੀ ਹੈ।

"ਸਾਹਿਬ ਸੰਮਾਲੇਹੁ"- ਸਾਹਿਬ ਸੰਮ੍ਹਾਲਣ ਦੀ। ਸਾਹਿਬ ਭੀ ਉਹ ਕਿਹੜਾ ਤੇ ਕਿਹੋ ਜਿਹਾ ? ਕੋਈ ਇਕ ਦੇਸ-ਵਾਸੀ ਅਲਪਗ ਹਸਤੀ ਵਾਲਾ ਉਹ ਸਾਹਿਬ ਨਹੀਂ, ਜਿਸ ਦਾ ਸਮ੍ਹਾਲਣਾ ਗੁਰਮਤਿ ਦ੍ਰਿੜ੍ਹ ਕਰਵਾਉਂਦੀ ਹੈ, ਪ੍ਰੰਤੂ "ਗੁਰੂ ਦੁਆਰੇ ਹੋਇ ਕੇ" ਐਸੇ ਸਾਹਿਬ ਦੇ ਸਮ੍ਹਾਲਣ ਦੀ ਸ੍ਰੇਸ਼ਟ ਮਤ ਆਉਂਦੀ ਹੈ। ਜਿਹੜਾ 'ਸਾਹਿਬ ਸਦਾ ਹਜੂਰਿ ਹੈ, ਸਦੀਵ ਕਾਲ ਜੋ ਹਾਜ਼ਰ ਨਾਜ਼ਰ ਹੈ, ਜੋ ਕਿ -

'ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ'

ਹੈ । ਦੇਖਿਆ, ਕੇਹੀ ਸ੍ਰੇਸ਼ਟ ਅਸਚਰਜ ਅਤੇ ਅਨੋਖੀ ਮਤ 'ਗੁਰੂ ਦੁਆਰੇ ਹੋਇ ਕੈ' ਆਉਂਦੀ ਹੈ। ਭਲਾ ਕਿਹੜੀ ਮਤ ? ਸਾਹਿਬ ਸੰਮ੍ਹਾਲਣ ਦੀ ! ਸਾਹਿਬ ਭੀ ਉਹ ਜੋ 'ਸਦਾ ਹਜੂਰਿ' ਹੈ, ਅਤੇ ਸੰਮ੍ਹਾਲਣ ਭੀ ਕੈਸਾ ? ਐਸਾ ਨਹੀਂ ਜੈਸਾ ਕਿ ਅਲਪਗ ਸਾਹਿਬ ਤਾਂ ਜੇ ਸਮ੍ਹਾਲੇ ਭੀ ਜਾ ਸਕਦੇ ਹਨ ਤਾਂ ਖਿਨ ਭੰਗਰ ਮਾਤਰ ਹੀ। ਜਿੰਨਾ ਚਿਰ ਆਪ ਉਨ੍ਹਾਂ ਦੇ ਸੌਂਹੇਂ ਹੋ, ਉਤਨਾ ਚਿਰ ਹੀ ਉਹ ਆਪ ਦੀ ਸਮ੍ਹਾਲ-ਗੋਚਰੇ ਹਨ। ਉਤਨੇ ਚਿਰ ਦੀ ਸਮ੍ਹਾਲ ਭੀ ਐਵੇਂ ਨਾਮ ਮਾਤਰ ਹੀ ਸਮ੍ਹਾਲ ਹੈ। ਵਾਸਤਵ ਵਿਚ ਉਹ ਸੰਮ੍ਹਾਲ ਕੋਈ ਨਹੀਂ। ਕਿਸੇ ਵਸਤੂ ਦਾ ਸੰਮ੍ਹਾਲਣਾ ਉਸ ਨੂੰ ਸਾਂਭ ਕੇ ਰੱਖਣਾ ਹੁੰਦਾ ਹੈ। ਸੰਸਾਰਕ (ਅਲਪਗ) ਸਾਹਿਬਾਂ ਨੂੰ ਭਲਾ ਆਪ ਕਿਥੇ ਸੰਮ੍ਹਾਲ ਕੇ ਰਖੋਗੇ ? ਉਨ੍ਹਾਂ ਦੇ ਤਾਂ ਆਪ ਨੇੜੇ ਭੀ ਨਹੀਂ ਢੁਕ ਸਕਦੇ। ਦੂਰੋਂ ਹੀ ਬਿਟਰ ਬਿਟਰ ਦੇਖ ਸਕਦੇ ਹੋ। ਜਿਸ ਵੇਖਣ-ਪਾਖਣ ਅੰਦਰ ਝੁਰੇਵਾਂ ਹੀ ਝੁਰੇਵਾਂ ਹੈ ਅਤੇ ਅਜਿਹਾ ਦੇਖਣਾ-ਪਾਖਣਾ ਭੀ ਬੂਰ ਵਾਲੇ ਲੱਡੂਆਂ ਵਾਲਾ ਸੌਦਾ ਹੈ। ਘੜੀ ਦੀ ਘੜੀ ਆਪ ਦੀਆਂ ਅੱਖਾਂ ਦੇ ਸਾਹਮਣੇ ਕਿਸੇ ਵਕਤ ਦੇ ਰਹਿਣ ਨੂੰ ਉਕਤ ਵਸਤ ਦਾ ਸੰਮ੍ਹਾਲਣਾ ਨਹੀਂ ਕਹਿ ਸਕਦੇ। ਅੱਖਾਂ ਤੋਂ ਲਾਂਭੇ ਹੁੰਦਿਆਂ ਹੀ ਨਹਲ ਦੀ ਨਹਲ ਅਜਿਹੀ ਸੰਮ੍ਹਾਲ ਮੁਕ-ਠੁਕ ਜਾਂਦੀ ਹੈ। ਅੰਤੀ ਓਰ ਮੋਹਲਤ ਪੁੰਨੀ ਉਤੇ ਜਦੋਂ 'ਅਲਪਗ ਸਾਹਿਬ' ਬਿਸਤਰਾ-ਬੋਰੀਆ ਬੰਨ੍ਹ ਕੇ ਅਗਾਹਾਂ ਨੂੰ ਘਤ ਚਲਾਈਦਾ ਹੈ, ਤਦ ਤਾਂ ਸਾਹਿਬ ਸੰਮ੍ਹਾਲਣ ਵਲੋਂ ਉੱਕੀ ਹੀ ਸਫ਼ਨ-ਸਫ਼ਾਈ ਹੋ ਜਾਂਦੀ ਹੈ।

ਸੋ ਇਹ ਸੰਮ੍ਹਾਲਣਾ ਕਿਸ ਲੇਖੇ ? ਬਿਨਸਨ-ਹਾਰ ਸਾਹਿਬਾਂ ਦਾ ਵਜੂਦ ਜਿਵੇਂ ਮਿਥਿਆ ਅਤੇ ਕੂੜ ਦਾ ਪਸਾਰਾ ਹੈ, ਤਿਵੇਂ ਤਿਨ੍ਹਾਂ ਦਾ ਸੰਮ੍ਹਾਲਣਾ ਭੀ ਮਿਥਿਆ ਅਤੇ ਕੂੜਾਵਾ ਦਿਲ-ਪਰਚਾਵਾ ਹੈ। ਕੂੜਾਵੇ ਸੰਸਾਰਕ ਅਲਪਗ ਸਾਹਿਬਾਂ ਦੇ ਸੰਮ੍ਹਾਲੇ ਤੇ ਸੌਰਦਾ ਭੀ ਕੁਝ ਨਹੀਂ। ਇਹ ਕੇਵਲ ਓਸ ਸਰਬੱਗ ਸਚੇ ਸਾਹਿਬ ਦਾ ਸੰਮ੍ਹਾਲਣਾ ਹੀ ਹੈ ਜੋ ਸਾਡਾ ਹਲਤ ਪਲਤ ਸੰਵਾਰ ਸਕਦਾ ਹੈ। ਸੋ ਸੱਚਾ ਸਰਬੱਗ ਸਾਹਿਬ ਜੋ ਸਦਾ ਹਜ਼ੂਰ ਹੈ, ਇਕ ਵਾਰ ਦਾ ਸੰਮ੍ਹਾਲਿਆ ਹੋਇਆ ਸਦੀਵ ਹੀ ਸੰਮ੍ਹਾਲ ਅੰਦਰ ਰਹਿੰਦਾ ਹੈ। ਯਥਾ ਗੁਰਵਾਕ-

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੇ॥

ਇਸ 'ਇਕ ਵਾਰ ਵਸ ਆਏ ਅਤੇ ਸੰਭਾਲੇ ਸਚੇ ਧਨੀ' (ਸਾਹਿਬ) ਦੀ ਸੰਮ੍ਹਾਲ ਬਹੁੜ ਸੰਮ੍ਹਾਲੋਂ ਅਗੋਚਰ ਹੋ ਹੀ ਨਹੀਂ ਸਕਦੀ, ਕਿਉਂਕਿ ਉਹ 'ਸਾਹਿਬ ਸਦਾ ਹਜੂਰਿ ਹੈ' ਪਰ ਘਾਟਾ ਹੈ ਤਾਂ ਇਹ ਹੈ ਕਿ ਉਸ ਨੂੰ ਸੰਮ੍ਹਾਲਿਆ ਨਹੀਂ ਜਾਂਦਾ। ਜੇ ਉਹ ਸੰਮ੍ਹਾਲਿਆ ਜਾ ਸਕਦਾ ਹੈ ਤਾਂ ਕੇਵਲ 'ਗੁਰੂ ਦੁਆਰੇ ਹੋਇ ਕੈ' ਹੀ ਸੰਮ੍ਹਾਲਿਆ ਜਾਂਦਾ ਹੈ ਪਰ ਇਹ ਸੰਮ੍ਹਾਲਣਾ ਕੀ ਅਤੇ ਕੈਸਾ ਹੈ? ਸਦਾ ਹਜੂਰਿ ਸਾਹਿਬ' ਨੂੰ ਅਰਥਾਤ ਉਸ ਸਰਬੱਗ ਅਤੇ ਸਰਬ ਵਿਆਪਕ ਸਚੇ ਸਾਹਿਬ ਨੂੰ ਪਰਤਖ ਹਾਜ਼ਰਾ ਹਜ਼ੂਰ ਪੇਖਣਾ, ਸਾਂਗੋ ਪਾਂਗ ਪੇਖਣਾ, 'ਸਾਹਿਬ ਨੂੰ ਸੰਮ੍ਹਾਲਣਾ' ਹੈ। ਅਜਿਹੀ 'ਸੰਮ੍ਹਾਲ, ਦ੍ਰਿਸ਼ਟੀਓਂ ਅਗੋਚਰ, ਤੱਤ ਅਤੇ ਸੱਤ ਪਦਾਰਥ ਦੀ ਸੰਮ੍ਹਾਲ ਭਲਾ ਕਦੋਂ ਹੋ ਸਕਦੀ ਹੈ, ਜਦ ਕਿ ਦ੍ਰਿਸ਼ਟਮਾਨ ਮਿਥਿਆ ਮਾਇਕ ਪਦਾਰਥਾਂ ਵਿਚ ਪ੍ਰਾਣੀ ਲਥ-ਪਥ ਹੈ? ਕਿੰਤੂ ਜਦ ਤੀਕਰ ਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦਾ ਅਭਾਵ ਨਹੀਂ ਹੋ ਜਾਂਦਾ ਤਦ ਤੀਕਰ ਉਸ ਸਤ ਪਦਾਰਥ ਦੀ ਸੰਮ੍ਹਾਲ ਕਦਾਚਿਤ ਸੰਭਵ ਨਹੀਂ। ਅਤੇ ਇਹ 'ਹਉਮੈ' ਦੀ ਭਰਮ-ਜਾਲ ਹੀ ਹੈ ਜਿਸ ਕਰਕੇ ਉਕਤ ਮਿਥਿਆ ਅਤੇ ਮਾਇਕ ਪਦਾਰਥਾਂ ਦਾ ਅਭਾਵ ਨਹੀਂ ਹੁੰਦਾ। ਬਸ ਕੇਵਲ 'ਗੁਰੂ ਦੁਆਰੇ ਹੋਇ ਕੈ' ਹੀ ਇਹ ਭਰਮ-ਜਾਲ ਕਟਿਆ ਜਾ ਸਕਦਾ ਹੈ। ਸੋ 'ਗੁਰੂ ਦੁਆਰੇ ਹੋਇ ਕੈ' ਉਹ ਸਦਾ ਹਜ਼ੂਰ ਪ੍ਰੰਤੂ ਦ੍ਰਿਸ਼ਟੀਓਂ ਅਗੋਚਰ ਸਾਹਿਬ ਕਿਸ ਸ਼ਕਲ ਵਿਚ ਸਮ੍ਹਾਲਿਆ, ਅਥਵਾ ਲਖਿਆ ਜਾਏਗਾ? ਉਹ ਇਸ ਸ਼ਕਲ ਵਿਚ ਕਿ- ''ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ॥'' ਹਉਮੈ ਦੇ ਪਰਭਾਵ ਕਰਕੇ ਦ੍ਰਿਸ਼ਟਮਾਨ ਪਦਾਰਥਾਂ ਵਿਚ ਲਿਪਾਏਮਾਨ ਹੋਣ ਦਾ ਭਰਮ-ਭੁਲਾਵਾ ਜੋ ਪ੍ਰਾਣੀ ਨੂੰ ਲਗਾ ਹੋਇਆ ਹੈ, ਪ੍ਰਿਥਮ ਇਹ ਅਗਿਆਨ ਰੂਪੀ ਛਉੜ ਉਸ ਦੇ ਕਟੇ ਜਾਣਗੇ ਤਦ ਪਸਚਾਤ ਉਹ ਗੁਰੂ-ਦੁਆਰੇ ਹੋਇਆ ਪ੍ਰਾਣੀ ਆਪਣੇ ਘਟ ਅੰਤਰ ਹੀ, ਹਿਰਦੇ ਵਿਖੇ ਹੀ ਉਸ ਸਚੇ ਸਾਹਿਬ ਦੀ ਜਗ-ਜੀਵਨ ਜੋਤਿ ਨੂੰ ਪ੍ਰਕਾਸ਼ਤ ਕਰ ਕੇ ਲਖੇਗਾ। ਇਸ ਬਿਧ ਪ੍ਰਕਾਸ਼ਤ ਹੋਈ ਜੋਤਿ ਨੂੰ ਲਖਣਾ, ਸਾਹਿਬ ਨੂੰ ਸੰਮ੍ਹਾਲਣਾ ਅਤੇ ਸਦਾ ਹਜ਼ੂਰ ਪੇਖਣਾ ਅਰਥਾਤ ਪਰਤੱਖ ਕਰਨਾ ਹੈ। ਇਸ ਦੀ ਸੂਝ-ਬੂਝ ਉਨ੍ਹਾਂ ਨੂੰ ਹੀ ਹੋ ਸਕਦੀ ਹੈ ਜਿਨ੍ਹਾਂ ਨੇ ਉਸ ਜੋਤਿ ਨੂੰ ਗੁਰੂ ਕਿਰਪਾ ਦੁਆਰਾ ਘਟ ਅੰਤਰ ਹੀ ਪ੍ਰਕਾਸ਼ਤ ਕਰ ਕੇ ਸੱਚੇ ਸਾਹਿਬ ਨੂੰ ਸਾਂਗੋ-ਪਾਂਗ ਪੇਖਿਆ ਹੈ। ਜਿਨ੍ਹਾਂ ਨੇ ਸਾਹਿਬ ਨੂੰ ਸਚ-ਮੁਚ ਸੰਮ੍ਹਾਲਿਆ ਹੈ ਉਨ੍ਹਾਂ ਨੂੰ ਹੀ ਸਮ੍ਹਾਲ ਪਦ ਦੇ ਅਰਥਾਂ ਦਾ ਸਚਾ ਸੁਆਦ ਤੇ ਰਸ ਆਇਆ ਹੈ। ਹਿਰਦੇ ਵਿਚ ਸਾਂਭ ਕੇ ਰਖਣ ਨਾਲੋਂ ਵਧ ਕੇ ਹੋਰ ਕਿਹੜੀ ਸਮ੍ਹਾਲ ਹੋ ਸਕਦੀ ਹੈ? ਆਹਾ ! ਕਿਹੀ ਅਦੁੱਤੀ ਸਮ੍ਹਾਲ ਹੈ ! ਇਹ ਸਮ੍ਹਾਲ ਹਰ-ਦਮ ਜੀਉੜੇ ਨਾਲ ਹੈ ਜਿਥੇ ਜੀਉੜਾ ਤਿਥੈ ਇਹ ਸਮ੍ਹਾਲ, ਨਾਲ ਦੀ ਨਾਲ, ਇਮ ਨਿਮਖ ਭੀ, ਘੜੀ-ਮੁਹਤ ਭੀ, ਪਲ ਚਸਾ ਭੀ, ਇਹ ਸਮ੍ਹਾਲ ਦੂਰ ਹੋਣ ਵਾਲੀ ਨਹੀਂ। ਦੂਰ ਕੀਕੂੰ ਹੋਵੇ? ਜਦ ਇਹ ਸਮ੍ਹਾਲ ਜੀਉੜੇ ਸੇਤੀ ਰਵਿ ਰਹੀ ਸਮ੍ਹਾਲ ਹੈ। ਇਹ ਕਉਤਕੀ ਸਮ੍ਹਾਲ ਜੀਉੜੇ ਨੂੰ ਸੁਰਜੀਤ ਕਰਨਹਾਰੀ ਸਮ੍ਹਾਲ ਹੈ, ਇਸ ਅਕਾਲੀ ਜੋਤਿ ਸੇਤੀ ਸੰਭਲਿਆ ਅਤੇ ਸਪਰਸ਼ ਹੋਇਆ ਜੀਅੜਾ ਸੁਰਜੀਤ ਕਿਉਂ ਨਾ ਹੋਵੇ, ਜਦ ਕਿ ਉਹ ਸਦ-ਜੀਵਨ ਅਤੇ ਜਾਗਤ ਜੋਤਿ ਹੀ 'ਅਮਰ' 'ਅਟੱਲ' 'ਅਭੈ' 'ਅਕਾਲੀ' ਅਤੇ 'ਅਬਿਨਾਸੀ' ਹੈ। ਇਸੇ ਲਈ ਹੀ ਸ੍ਰੀ ਸਤਿਗੁਰੂ ਜੀ ਉਸ ਜੋਤਿ ਤੋਂ ਵਿਛੜੇ ਅਤੇ ਮਾਇਆ-ਮੋਹ ਵਿਚ ਮਨੂਰ ਹੋਏ ਜੀਵਾਂ ਨੂੰ ਮਨ ਦਾ ਖ਼ਿਤਾਬ ਦੇ ਕੇ ਸਨਮੁਖ ਉਪਦੇਸ਼ ਕਰਦੇ ਹਨ। ਯਥਾ ਗੁਰਵਾਕ –

ਮਨ ਕਰਹਲਾ ਮੇਰੇ ਪਿਆਰਿਆ, ਵਿਚਿ ਦੇਹੀ ਜੋਤਿ ਸਮਾਲਿ॥''

ਦੇਹੀ ਅੰਤਰ ਜੋਤਿ ਸੰਭਾਲਣ ਦਾ ਭਾਵ ਇਸ ਅਗਲੇਰੇ ਗੁਰਵਾਕ ਤੋਂ ਸੂਚਤ ਹੁੰਦਾ ਹੈ। ਯਥਾ–

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥


www.AKJ.Org

ਦੇਖਿਆ, ਕਿਆ ਸੋਹਣੀ ਸੰਭਾਲ ਹੈ। ਇਹ ਸੰਭਾਲ ਅਮਰ ਅਤੇ ਅਟੱਲ ਪਦ ਨੂੰ ਪਹੁੰਚਾਣ ਵਾਲੀ ਸੰਮ੍ਹਾਲ ਹੈ। ਹਿਰਦੇ ਅੰਦਰ ਸਾਂਭ ਕੇ ਰਖੀ ਜਾਂਦੀ ਹੈ ਤਾਂ ਹੀ ਤੇ ਇਸ ਦਾ ਨਾਉਂ ਸੰਮ੍ਹਾਲ ਹੈ। ਸੰਮ੍ਹਾਲ ਦੇ ਇਸ ਭਾਵ ਦੇ ਕਾਰਨ ਹੀ "ਸਾਹਿਬ ਸਦਾ ਹਜੂਰਿ" ਸਦਾਉਂਦਾ ਹੈ। "ਸਦਾ ਹਜੂਰਿ' ਦੇ ਅਰਥ ਓਦੋਂ ਤੀਕ ਸਮਝ ਅੰਦਰ ਨਹੀਂ ਆਉਂਦੇ ਜਦ ਤੀਕਰ 'ਸਾਹਿਬ ਸੰਮ੍ਹਾਲ" ਨਾ ਹੋ ਜਾਵੇ, ਪਰ ਸੰਮ੍ਹਾਲ ਹੋਈ ਤੋਂ 'ਸਾਹਿਬ ਸਦਾ ਹਜੂਰਿ ਕੀ ਕਿੰਤੂ 'ਨੇਰੇ ਹੀ ਤੇ ਨੇਰਾ' ਹੈ ਇਸੇ ਸੰਮ੍ਹਾਲ ਬਿਹੂਣ 'ਸਦਾ ਹਜੂਰਿ ਸਾਹਿਬ' ਦੇ ਇਸ ਅੰਦਰ ਦੂਰ ਹੈ ਅਤੇ 'ਸਦਾ ਹਜੂਰਿ ਸਾਹਿਬ' ਦੇ ਇਸ ਬਿਧ ਸਮੀਪ ਹੁੰਦੇ ਹੋਏ ਫੇਰ ਦੂਰ ਅਰਥਾਤ ਦ੍ਰਿਸ਼ਟੀਓਂ ਅਗੋਚਰ ਹੋਣ ਦਾ ਕਾਰਨ ਕੇਵਲ ਇਹੋ ਹੈ ਕਿ ਜੀਵਾਂ ਉਤੇ ਹਉਮੈ ਦਾ ਪੜਦਾ ਪਿਆ ਹੋਇਆ ਹੈ। ਇਸ ਹਉਮੈ ਰੂਪੀ ਭਰਮ ਦੀ ਭੀਤ (ਕੰਧ) ਤਿਨ੍ਹਾਂ ਦੀ ਦ੍ਰਿਸ਼ਟੀ ਦੇ ਅਗੇ ਉਸਰੀ ਹੋਈ ਹੈ। ਬਸ ਜੋ ਕੁਝ ਭੀ ਉਨ੍ਹਾਂ ਦੀ ਦ੍ਰਿਸ਼ਟੀ ਗੋਚਰ ਹੁੰਦਾ ਹੈ ਸੋ ਕੇਵਲ ਭਰਮ ਹੀ ਭਰਮ ਹੈ, 'ਹਰਿ ਚੰਦਉਰੀ ਪੇਖਿ ਵੂਠੇ ਨਗਰ ਗੰਧਰਬ' ਵਾਲੇ ਗੁਰਵਾਕ ਦੇ ਭਾਵ ਵਾਲੀ ਹੀ ਗੱਲ ਹੈ। ਗੰਧਰਬ' ਵਾਲੇ ਗੁਰਵਾਕ ਦੇ ਭਾਵ ਵਾਲੀ ਹੀ ਗੱਲ ਹੈ। ਦ੍ਰਿਸ਼ਟਮਾਨ ਪਦਾਰਥਾਂ ਵਿਖੇ ਲੁਭਾਇਮਾਨ ਹੋਏ ਜੀਵਾਂ ਦੀ ਚਿਤ-ਬ੍ਰਿਤੀ ਭਰਮ ਗਈ ਹੈ ਅਤੇ ਧੋਖੇ ਵਿਚ ਪੈ ਰਹੀ ਹੈ। ਐਥੋਂ ਤਾਈਂ ਕਿ –

ਝੂਠੁ ਬਾਤ ਸਾ ਸਚੁ ਕਰਿ ਜਾਤੀ॥ ਸਤਿ ਹੋਵਨੁ ਮਨਿ ਲਗੈ ਨ ਰਾਤੀ॥

ਦੇ ਗੁਰਵਾਕ ਦੇ ਭਾਵ ਵਾਲੀ ਦਸ਼ਾ ਹੋ ਰਹੀ ਹੈ। ਇਸ ਦ੍ਰਿਸ਼ਟਮਾਨ ਪ੍ਰੰਤੂ ਅ-ਸਤ ਪਦਾਰਥਾਂ ਦੇ ਭਰਮ-ਭੁਲਾਵੇ ਰੂਪੀ 'ਹਰਿ ਚੰਦਉਰੀ' ਅਰਥਾਤ ਮਿਰਗ-ਤ੍ਰਿਸ਼ਨਾ ਨੂੰ ਦੇਖ ਕੇ ਜੀਵਾਂ ਦੀ ਚਿਤ-ਬ੍ਰਿਤੀ ਰੂਪੀ ਦ੍ਰਿਸ਼ਟੀ ਮੂਲੋਂ ਚੁੰਧਿਆ ਗਈ ਹੈ। ਐਥੋਂ ਤਾਈਂ ਕਿ ਸਤਿ ਵਸਤੂ ਨੂੰ ਤੇਖਣੋਂ ਉਕੀ ਅਸਮਰਥ ਹੋ ਗਈ ਹੈ। ਏਸੇ ਕਰਕੇ ਹੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੀਵਾਂ ਦੀ ਦ੍ਰਿਸ਼ਟੀ ਵਿਖੇ ਭਰਮ ਦੇ ਛੌੜ ਅਰਥਾਤ ਅਗਿਆਨ ਦੇ ਫੋਲੇ ਪੈ ਗਏ ਹਨ, ਜੋ ਕੇਵਲ 'ਗੁਰੂ ਦੁਆਰੇ ਹੋਇ ਕੈਂ' ਹੀ ਕਟੇ ਜਾ ਸਕਦੇ ਹਨ ਅਤੇ ਜਿਨ੍ਹਾਂ ਦੇ ਕਟੇ ਜਾਣ ਕਰਕੇ ਏਹ ਮੰਦ ਦ੍ਰਿਸ਼ਟੀ ਜੋ ਹੈ, ਸੋ ਸਾਹਿਬ ਨੂੰ ਸਦਾ ਹਜ਼ੂਰ ਦੇਖਣਹਾਰੀ ਦਿਬ-ਦ੍ਰਿਸ਼ਟੀ ਹੋ ਸਕਦੀ ਹੈ। ਪਰ ਇਹ ਭਰਮੇ ਦੇ ਛੌੜ 'ਗੁਰੂ ਦੁਆਰੇ ਹੋਇ ਕੈਂ' ਗੁਰੂ ਜੀ ਦੀ ਦੱਸੀ ਔਖਧੀ ਅਤ ਸੰਜਮ ਦੇ ਵਰਤਣ ਕਰ ਹੀ ਕਟੇ ਜਾਣਗੇ। ਤਾਹੀਓਂ ਅਗਲੇਰੀ ਤੁਕ ਅੰਦਰ ' ਗੁਰੂ ਮਹਾਰਾਜ' ਫ਼ੁਰਮਾਉਂਦੇ ਹਨ ਕਿ "ਹਰਿ ਕਾ ਨਾਮ ਅੰਮ੍ਰਿਤੁ ਹੈ ਦਾਰੂ ਏਹੁ ਲਾਇਹੁ॥" ਭਰਮ ਦੇ ਛੌੜ ਰੂਪੀ ਬਿਖੇ ਰੋਗ ਕਟਣ ਹਿਤ ਗੁਰੂ ਦੇ ਅੰਮ੍ਰਿਤ ਰੂਪੀ ਦਾਰੂ ਹੀ ਸਮਰਥ ਹੈ। ਸੋ ਗੁਰੂ ਜੀ ਹੁਕਮ ਦਿੰਦੇ ਹਨ ਕਿ ਇਹ ਸ਼ਬਦ ਰੂਪੀ ਦਾਰੂ ਭਰਮ ਰੂਪੀ ਛੌੜ ਦੇ ਗ੍ਰਸੇ ਲੋਇਣਾਂ ਵਿਖੇ ਲਾਵੇ। ਬਸ, ਤਦੋਂ: ਕੇਵਲ ਹੀ ਹਉਮੈ ਰੋਗ ਤੋਂ ਅੰਧਲੇ ਹੋਏਵੇ ਬਿਖੇ ਰੋਗੀਆਂ ਦੇ ਅੰਤਰੀ ਨੇਤਰਾਂ ਵਿਚ ਉਸ ਜਗਮਗ ਜੋਤ ਦੇ ਪਰਖਣ ਅਤੇ ਪੇਖਣ ਵਾਲੀ ਦਿਬ-ਦ੍ਰਿਸ਼ਟੀ ਹੋ ਸਕਦੀ ਹੈ, ਐਵੇਂ ਨਹੀਂ। ਇਸ ਨਾਮ ਰੂਪੀ ਔਖਧੀ ਤੋਂ ਬਿਨਾਂ ਹਉਮੈ ਰੋਗ ਚੁਕੇ ਨਹੀਂ ਜਾ ਸਕਦੇ। ਇਹ ਨਾਮ ਉਹੀ ਹੈ ਜੋ ਗੁਰਮਤਿ ਅੰਦਰ 'ਨਾਮ' ਦੇ ਨਾਉਂ ਕਰਕੇ ਪਰਸਿੱਧ ਹੈ, ਜਿਸ ਗੁਰਬਾਣੀ ਅੰਦਰ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਅੰਦਰ ਧਿਆਵਣ ਯੋਗ 'ਨਾਮ' ਸੁਆਸ ਸੁਆਸ ਸਿਮਰਨ ਯੋਗ 'ਨਾਮ', ਨਿਮਖ ਨਿਮਖ ਅਰਾਧਨ ਯੋਗ 'ਨਾਮ' ਦੀ ਅਪਾਰ ਪਦਵੀ ਪਰਾਪਤ ਹੈ। ਇਸ 'ਨਾਮ', ਦੀ ਅਪਾਰ ਮਹਿਮਾ ਸੇਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਇਕ ਵਾਕ ਓਤ-ਪੋਤ ਕਰ ਕੇ ਪਰੋਤਾ ਤੇ ਗੀਧਾ ਹੋਇਆ ਹੈ। ਇਸ ਅੰਮ੍ਰਿਤ ਰੂਪੀ ਨਾਮ ਦੀ ਅੰਮ੍ਰਿਤ ਭਿੰਨੀ ਮਹਿਮਾ ਗੁਰਬਾਣੀ ਅੰਦਰ ਰਮੇ ਹੋਏ ਹੋਣ ਦੇ ਕਾਰਨ ਹੀ ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਆਪਣੇ ਨਿਜ ਸਰੂਪ ਅੰਦਰ ਏਸ ਬਿਧਿ ਰਮ ਰਹੇ ਅੰਮ੍ਰਿਤ ਨਾਮ ਰੂਪੀ ਨਾਮ ਦੇ ਪ੍ਰਕਾਸ਼ਤ ਕਰਨਹਾਰੀ ਹੋਣ ਕਰ ਕੇ ਗੁਰਬਾਣੀ ਨੂੰ ਗੁਰੂ ਦੀ ਅਮਰ ਪਦਵੀ ਪ੍ਰਾਪਤ ਹੈ। ਯਥਾ ਗੁਰਵਾਕ–

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ'

ਦੇ ਪ੍ਰਕਾਸ਼ਤ ਕਰਨਹਾਰੀ ਹੈ। ਅੰਮ੍ਰਿਤ ਰੂਪੀ ਨਾਮ ਦੀ ਉਪਦੇਸ਼ਤਾ ਹੋਣ ਕਰਕੇ ਬਾਣੀ ਅੰਦਰ ਅੰਮ੍ਰਿਤ ਨਾਮ ਦੀ ਹੀ ਮਹਿਮਾ ਹੈ। ਏਸ ਕਰਕੇ ਹੀ "ਵਿਚਿ ਬਾਣੀ ਅੰਮ੍ਰਿਤ ਸਾਰੇ" ਵਾਲਾ ਗੁਰ-ਫ਼ੁਰਮਾਨ ਵਿਦਮਾਨ

ਹੈ। ਏਸ ਅੰਮ੍ਰਿਤ ਨਾਮ ਨੂੰ ਮਨ ਵਸਾਵਣ ਕਰਕੇ ਹਉਮੈ ਰੋਗ ਦੀ ਨਵਿਰਤੀ ਹੋ ਜਾਂਦੀ ਹੈ। ਯਥਾ ਗੁਰਵਾਕ-

"ਅੰਮ੍ਰਿਤ ਨਾਮੁ ਮੰਨਿ ਵਸਾਏ॥ ਹਉਮੈ ਮੇਰਾ ਸਭੁ ਦੁਖੁ ਗਵਾਏ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥"

ਨਾਮ ਦੇ ਮਨ ਵਸਾਵਣ ਤੋਂ ਭਾਵ ਨਾਮ ਦਾ ਅਭਿਆਸ ਦ੍ਰਿੜ ਕਰਨਾ ਹੈ। ਹੁਣ ਇਹ ਸਵਾਲ ਉਠਦਾ ਹੈ ਕਿ ਏਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਕੀਕੂੰ ਅਤੇ ਕਿਥੋਂ ਹੋਵੇ? ਏਸ ਦਾ ਉਤਰ ਏਸੇ ਗੁਰਵਾਕ ਦੇ ਭਾਵ ਅੰਦਰ ਹੈ ਕਿ "ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ" ਅਰਥਾਤ ਅੰਮ੍ਰਿਤ ਰੂਪੀ ਬਾਣੀ ਦਾ ਸੇਵਨ (ਅਰਾਧਨ) ਕਰੇ। ਬਸ ਏਸ ਅੰਮ੍ਰਿਤ ਰੂਪੀ ਬਾਣੀ ਤੋਂ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਪ੍ਰਾਪਤੀ ਗੁਰੂ ਦੁਆਰੇ ਹੀ ਸੰਭਵ ਹੈ ਅਤੇ ਗੁਰੂ ਹੈ ਹੀ ਬਾਣੀ। ਬਾਣੀ ਰੂਪੀ ਗੁਰੂ ਬਿਹੂਣ ਹੋਰ ਕੋਈ ਗੁਰੂ ਗੁਰਮਤਿ ਅੰਦਰ ਪ੍ਰਵਾਨ ਨਹੀਂ। ਤਾਂ ਤੇ ਗੁਰੂ ਰੂਪੀ ਬਾਣੀ ਦਾ ਹੀ ਸੇਵਨਾ (ਮਨਿ ਵਸਾਵਣਾ) ਨਾਮ ਦਾ ਅਭਿਆਸ ਦ੍ਰਿੜ੍ਹਾ ਸਕਦਾ ਹੈ। ਨਾਲ ਲਗਦਾ ਏਸੇ ਗੁਰਵਾਕ ਦੇ ਰਹਾਉ ਵਾਲਾ ਅੰਤ ਭੀ ਏਸ ਅਸੂਲ ਦੀ ਪੁਸ਼ਟੀ ਤੇ ਪ੍ਰੋੜ੍ਹਤਾ ਕਰਦਾ ਹੈ। ਯਥਾ-

"ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ॥੧॥ ਰਹਾਉ॥"
"ਗੁਰਮੁਖਿ ਬਾਣੀ ਨਾਦੁ ਬਜਾਵੈ॥"

ਸੋ ਸਾਫ਼ ਸਪਸ਼ਟ ਹੋਇਆ ਕਿ ਏਸ ਗੁਰਮਤਿ ਨਾਦ (ਸ਼ਬਦ-ਨਾਮ) ਦੀ ਅਭਿਆਸ ਰੂਪੀ ਤੰਤੀ ਗੁਰੂ ਰੂਪ ਬਾਣੀ ਨੂੰ ਮੁਖ ਲੈ ਕੇ, ਅਰਥਾਤ ਗੁਰਬਾਣੀ ਦੇ ਅਰਾਧਣ ਕਰ ਹੀ ਵਜਾਈ ਜਾ ਸਕਦੀ ਹੈ। ਹੁਣ ਆਓ ਪਹਿਲੇ ਗੁਰ ਪ੍ਰਮਾਣ ਵਲ " ਹਰਿ ਕਾ ਨਾਮ ਅੰਮ੍ਰਿਤ ਹੈ, ਦਾਰੂ ਏਹੁ ਲਾਇਹੁ॥" ਬਸ ਅੰਮ੍ਰਿਤ ਰੂਪੀ ਗੁਰਮਤਿ ਨਾਮ ਦੀ ਦਾਰੂ (ਔਖਧੀ) ਲਾਉਣ (ਵਰਤਣ ਨਾਲ ਹੀ ਭਰਮ ਦੇ ਛੌੜ ਕਟੇ ਜਾ ਸਕਦੇ ਹਨ, ਅਤੇ ਹਉਮੈ ਰੋਗ ਦੀ ਨਵਿਰਤੀ ਹੋ ਸਕਦੀ ਹੈ। ——————

## ਕਾਹਦਾ ਮਾਣ, ਗੁਮਾਨ ਕਰੇਂ ਤੂੰ?

(ਡਾ: ਗੁਰਦਰਸ਼ਨ ਸਿੰਘ ਬਾਦਲ)

ਇਹ ਦੁਨੀਆਂ, ਇਹ ਜਗਤ-ਪਾਸਾਰਾ, ਹੈ ਧੂੰਏਂ ਦਾ ਬੱਦਲ।
ਜੱਗ ਫ਼ਾਨੀ ਸਾਰੇ ਦਾ ਸਾਰਾ, ਹੈ ਧੂੰਏਂ ਦਾ ਬੱਦਲ।
ਸੱਚ ਹਮੇਸ਼ਾ ਜਿਉਂਦਾ ਰਹਿਣੈ, ਇਸਦੀ ਚਮਕ ਸਦੀਵੀਂ,
ਝੂਠ, ਬਨਾਵਟ ਦਾ ਲਿਸ਼ਕਾਰਾ, ਹੈ ਧੂੰਏਂ ਦਾ ਬੱਦਲ
ਹਰ ਪਲ ਹੀ ਇਹ ਘਟਦੀ ਜਾਵੇ, ਉਮਰਾ ਤੇਰੀ ਬੰਦਿਆਂ।
ਅਮਰ ਹੋਣ ਦਾ ਹਰ ਇਕ ਲਾਰਾ, ਹੈ ਧੂੰਏਂ ਦਾ ਬੱਦਲ
ਜੇ ਕਰ ਜੱਗ ਨੂੰ ਸਮਝ ਲਿਆ ਤੂੰ, ਪਾਰ-ਉਤਾਰਾ ਹੋਜੂ,
ਉਤੋਂ ਮਿੱਠਾ, ਵਿਚੋਂ ਖ਼ਾਰਾ, ਹੈ ਧੂੰਏ ਦਾ ਬੱਦਲ
ਕਾਹਦਾ ਮਾਣ, ਗੁਮਾਨ ਕਰੇਂ ਤੂੰ ! ਚਾਰ ਦਿਨਾਂ ਦਾ ਬੇਲੀ,
ਰੂਪ ਤੇਰਾ ਇਹ ਮੇਰੇ ਯਾਰਾਂ । ਹੈ ਧੂੰਏ ਦਾ ਬੱਦਲ
ਜੱਗ ਦੇ ਭਾਂਡੇ ਵਿਚ ਪੈ ਕੇ ਵੀ, ਇਸਦਾ ਰੂਪ ਨਾ ਹੋਵੀਂ,
ਇਸਦਾ ਹਰ ਇਕ ਵਣਜ ਕਸਾਰਾ, ਹੈ ਧੂੰਏਂ ਦਾ ਬੱਦਲ
ਇਕੋ ਹੀ ਬੱਸ ਨਾਮ ਹਰੀ ਦਾ, ਬਾਦਲ ਰਹੂ ਹਮੇਸ਼ਾ,
ਬਾਕੀ ਸਭ ਕੁਝ ਕੂੜ, ਨਕਾਰਾ, ਹੈ ਧੂੰਏਂ ਦਾ ਬੱਦਲ

————


www.AKJ.Org

# ਜਬ ਹਮ ਹੋਤੇ ਤਬ ਤੂੰ ਨਾਹੀਂ

(ਪ੍ਰਿ: ਸੱਜਣ ਸਿੰਘ ਜੀ)

ਹੰਕਾਰ ਦਾ ਰੋਗ ਪਸ਼ੂ ਪੰਛੀਆਂ ਨੂੰ ਨਹੀਂ ਵਿਆਪਦਾ ਤੇ ਜਿਹੜਾ ਮਨੁੱਖ ਪਸ਼ੂਆਂ ਵਾਂਗਰ ਤੇ ਖਾਸ ਤੌਰ ਤੇ ਪਾਲਤੂ ਜਾਨਵਰਾਂ ਵਾਂਗ ਗੁਲਾਮ, ਡਰਪੋਕ, ਪਰਤੰਤਰ ਤੇ ਨਿਰਬਲ ਹੈ ਤੇ ਬੇਅਣਖੀ ਜੀਵਨ ਬਿਤਾਉਣ ਦਾ ਆਦੀ ਹੈ, ਉਹ ਵੀ ਇਸ ਰੋਗ ਵਿਚ ਗ੍ਰਸਤ ਨਹੀਂ ਹੁੰਦਾ। ਗੁਰਮੁਖ ਜਨ ਪ੍ਰਮਾਤਮਾ ਦੀਆਂ ਬਖਸ਼ੀਆਂ ਅਨੇਕ ਦਾਤਾਂ ਨੂੰ ਰੱਬੀ ਰਹਿਮਤ ਸਮਝਦਾ ਹੈ। ਜੇ ਉਹ ਧੰਨਵਾਨ ਹੈ, ਜੇ ਉਹ ਉੱਚੇ ਰੁਤਬੇ ਦਾ ਮਾਲਕ ਹੈ, ਜੇ ਉਸ ਦੀ ਬੁੱਧੀ ਬਾਰੀਕ ਤੇ ਸੂਝ ਬੂਝ ਵਾਲੀ ਹੈ ਤਾਂ ਉਹ 'ਇਹ ਭਿ ਦਾਤਿ ਤੇਰੀ ਦਾਤਾਰ' ਸਮਝ ਕੇ ਆਪਣੇ ਹਿਰਦੇ ਵਿਚ ਸ਼ੁਕਰ ਮਨਾਉਂਦਾ ਹੈ ਪਰ ਇਸ ਦੇ ਵਿਪਰੀਤ ਮਨਮੁਖ ਜਨ ਹਰੇਕ ਪ੍ਰਾਪਤੀ ਨੂੰ ਆਪਣੀ ਅਕਲ ਤੇ ਮਿਹਨਤ ਦਾ ਫਲ ਸਮਝਦਾ ਹੈ। ਹੰਕਾਰੀ ਪੁਰਸ਼ ਆਪਣੇ ਬਰਾਬਰ ਦੇ ਬੰਦੇ ਦੀ ਕੋਈ ਗੱਲ ਮੰਨੇ ਜਾਂ ਨਾ ਮੰਨੇ ਪਰ ਆਪਣੇ ਤੋਂ ਛੋਟੇ ਦੀ ਕੋਈ ਸਲਾਹ ਸੁਨਣ ਨੂੰ ਵੀ ਤਿਆਰ ਨਹੀਂ ਹੁੰਦਾ। ਐਸੇ ਪੁਰਸ਼ ਦੀਆਂ ਅੱਖਾਂ ਵਿੱਚ ਰਸਨਾ ਤੋਂ ਨਿਕਲੇ ਸ਼ਬਦ ਤੋਂ, ਹਾਵਭਾਵ , ਚਿਹਰੇ ਦੀ ਰੰਗਤ ਤੋਂ ਹੰਗਤਾ, ਵੱਡਪਣ ਤੇ ਘ੍ਰਿਣਾ ਦੀ ਤਸਵੀਰ ਪ੍ਰਗਟ ਹੋ ਹੀ ਜਾਂਦੀ ਹੈ। ਉਹ ਭੁੱਲ ਜਾਂਦਾ ਹੈ ਕਿ ਇਜ਼ੱਤ ਮਾਣ ਤੇ ਸਤਿਕਾਰ ਨੂੰ ਹਉਮੈ ਦੇ ਬਲ ਨਾਲ ਖਰੀਦਿਆ ਨਹੀਂ ਜਾ ਸਕਦਾ। ਸੱਚਾ ਸਤਿਕਾਰ ਕੇਵਲ ਨਿਮਰਤਾ ਤੇ ਮਿੱਠੇ ਬਚਨਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਹਉਮੈ ਅਤੀ ਸੂਖਮ ਤੇ ਅਦ੍ਰਿਸ਼ਟ ਰੋਗ ਹੈ। ਇਸ ਨੇ ਗ੍ਰਿਸਤੀਆਂ,ਤਿਆਗੀਆਂ,ਅਸੀਮ, ਵਿਦਵਾਨਾਂ, ਤੇ ਰਿਸ਼ੀਆਂ ਮੁਨੀਆਂ ਦਾ ਵੀ ਲਿਹਾਜ ਨਹੀਂ ਕੀਤਾ। ਹਉਮੈ ਵਿੱਚ ਗਲਤਾਨ ਹੁੰਦਿਆ, ਹਉਮੈ ਰੋਗ ਤੋਂ ਅਗਿਆਨੀ ਰਹਿਣਾ, ਅਸਾਧ ਰੋਗ ਦੀ ਨਿਸ਼ਾਨੀ ਹੈ। ਉਸ ਰੋਗ ਦਾ ਇਲਾਜ ਕਿਵੇਂ ਹੋਵੇ ਜਿਸ ਦੇ ਨਿਵਾਰਨ ਲਈ ਰੋਗੀ ਦਾ ਸਹਿਯੋਗ ਨਾ ਹੋਵੇ, ਵੈਦ ਉਤੇ ਵਿਸ਼ਵਾਸ਼ ਨਾ ਹੋਵੇ ਤੇ ਪਰਹੇਜ਼ ਕਰਨ ਲਈ ਤਿਆਰ ਨਾ ਹੋਵੇ। ਰਾਵਨ ਜੈਸੇ ਮਹਾਨ ਵਿਦਵਾਨ ਦਾ ਹਉਮੈ ਨੇ ਵਿਨਾਸ਼ ਕਰ ਦਿੱਤਾ। ਉਸ ਦੀ ਸੂਝ ਬੂਝ ਵਾਲੀ ਬੁੱਧੀ ਮਲੀਨ ਹੋ ਗਈ। ਉਸ ਨੂੰ ਆਪਣੇ ਭਰਾ ਦੀ ਚੰਗੀ ਗੱਲ ਦਾ ਜਾਂ ਨਸੀਹਤ ਤੀਰ ਵਾਂਗਰ ਚੁੱਭਦੀ ਸੀ। ਹੰਕਾਰੀ ਹਰਨਾਕਸ਼ ਦੇ ਕ੍ਰੋਧ ਤੋਂ ਡਰਦਾ ਕੋਈ ਪੁਰਸ਼ ਵੀ ਸਚਾਈ ਦੱਸਣ ਦਾ ਹੀਆ ਨਹੀਂ ਕਰਦਾ ਸੀ। ਸੱਚ ਨੂੰ ਸੱਚ ਆਖਣ ਵਾਲਾ ਕੇਵਲ ਉਸ ਦਾ ਪੁੱਤਰ ਪ੍ਰਹਿਲਾਦ ਸੀ ਜਿਸ ਦਾ ਸੰਗੀ ਸਾਥੀ ਪ੍ਰਭੂ ਦੇ ਸਿਵਾਇ ਕੋਈ ਨਹੀਂ ਸੀ। ਪਰ ਉਹ (ਹਰਨਾਕਸ਼) ਹੰਕਾਰ ਵਿਚ ਏਨਾ ਮੱਤਾ ਸੀ ਕਿ ਉਸ ਨੂੰ ਪੁੱਤਰ ਦਾ ਪਿਆਰ ਵੀ ਨਿਰਦਇਅਤਾ ਭਰੇ ਫੈਸਲੇ ਨੂੰ ਬਦਲ ਨਹੀਂ ਸਕਿਆ।

ਅਧਿਆਤਮਕ ਮਾਰਗ ਦੇ ਪਾਂਧੀ ਨੂੰ ਇਸ ਬਲਵਾਨ ਰੋਗ ਤੋਂ ਸਾਵਧਾਨ ਰਹਿਣ ਦੀ ਬਹੁਤ ਲੋੜ ਹੈ ਕਿਉਂਕਿ ਨਾਮ ਜਪਣ ਵਾਲੇ ਨੂੰ ਵੀ ਰਿੱਧੀਆਂ ਸਿੱਧੀਆਂ, ਕਰਾਮਾਤੀ ਸ਼ਕਤੀਆਂ ਕੁਰਾਹੇ ਪਾਉਣ ਦਾ ਜਤਨ ਕਰਦੀਆਂ ਹਨ। ਜਰਨ ਸ਼ਕਤੀ ਬਿਨਾ ਮਾਣ, ਸਤਿਕਾਰ ਸੋਭਾ, ਵਡਿਆਈ ਤੋਂ ਸਹਜੇ ਹੀ ਹਉਮੈ ਦਾ ਪ੍ਰਗਟਾਵਾ ਤੇ ਪਾਸਾਰਾ ਹੋਣ ਦੀ ਸੰਭਾਵਨਾ ਹੋ ਜਾਂਦੀ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲਿਖੀ ਪੁਸਤਕ 'ਰੰਗਲੇ ਸੱਜਣ' ਵਿਚ ਭਾਈ ਸਰਵਣ ਸਿੰਘ ਫੱਲੇਵਾਲ ਦੀ ਜੀਵਨੀ, ਹਉਮੈ ਤੇ ਹਉਮੈ ਨਿਵਾਰਨ ਦੀ ਘਟਨਾਵਾਂ ਦੀਆਂ ਗੁਹਜ ਰਮਜ਼ਾਂ ਨੂੰ ਪੇਸ਼ ਕਰਦੀ ਹੈ। ਇਹ ਵੀ ਅਟੱਲ ਸਚਾਈ ਹੈ ਕਿ ਦੇਵੀ ਦੇਵਤਿਆਂ ਤੇ ਮਨਮਤਿ ਭਰੀਆਂ ਸ਼ਕਤੀਆਂ ਦਾ ਮੇਲ ਅੱਜ ਕਲ ਦੇ ਬਾਬਿਆਂ, ਸਾਧਾਂ ਤੇ ਕਚਘਰੜ ਗੁਰੂਆਂ ਨਾਲ ਤਾਂ ਅੱਵਸ਼ ਹੁੰਦਾ ਹੈ ਪਰ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਰੂਪੀ ਉਪਦੇਸ਼ ਤੇ ਰੱਬੀ ਗਿਆਨ ਨਾਲ ਕਦਾਚਿਤ ਨਹੀਂ ਹੋ ਸਕਦਾ। ਸ਼ਬਦ ਗੁਰੂ ਦਾ ਸੱਚਾ ਸਤਿਕਾਰ ਅਰਥਾਤ ਗੁਰ ਉਪਦੇਸ਼ ਦਾ ਮੰਨਣਾ ਇਕ ਐਸੀ ਕਸੌਟੀ ਹੈ ਜਿਸ ਦੁਆਰਾ ਅਖੌਤੀ ਸਾਧਾਂ ਦੀ ਪਛਾਣ ਸੁਖਾਲੀ ਹੋ ਜਾਂਦੀ ਹੈ।

ਹਉਮੈ ਦਾ ਪੜਦਾ ਦੋ ਵਿਸ਼ੇਸ਼ ਗੁਣਾਂ ਨੂੰ ਹਿਰਦੇ ਵਿਚ ਵਸਣ ਨਹੀਂ ਦਿੰਦਾ। ਇਹ ਦੋ ਗੁਣ ਅਰਥਾਤ ਭਗਤੀ ਤੇ ਰਜ਼ਾ ਜੇ ਹਿਰਦੇ ਵਿਚ ਸਮਾ ਜਾਵਨ ਤਾਂ ਹਉਮੈ ਦਾ ਪੜਦਾ ਆਪਣੇ ਆਪ ਨਸ਼ਟ ਹੋ ਜਾਂਦਾ ਹੈ। ਸੱਚੀ ਭਗਤੀ ਲਈ ਪਿਆਰ-ਸਤਿਕਾਰ ਜਾਂ ਭੈ-ਭਾਵ ਇਉਂ ਜ਼ਰੂਰੀ ਹੈ ਜਿਵੇਂ ਮਹਿਲ ਉਸਾਰਨ ਲਈ


www.AKJ.Org

ਪੱਕੀ ਨੀਂਵ ਦਾ ਹੋਣਾ। ਰੂਹਾਨੀ ਸੰਬੰਧ ਵਿੱਚ ਪਿਆਰ ਤੇ ਸੰਸਾਰਕ ਸੰਬੰਧ ਵਿਚ ਸਤਿਕਾਰ ਪਰਧਾਨ ਹੁੰਦਾ ਹੈ। ਰੱਬੀ ਹੁਕਮ ਜਾ ਰਜ਼ਾ ਦੀ ਭਾਵਨਾ ਨੂੰ ਗ੍ਰਹਿਣ ਨਾ ਕਰਨਾ ਹਉਮੈ ਨੂੰ ਜਨਮ ਦਿੰਦਾ ਹੈ। ਰਜ਼ਾ ਦਾ ਅਰਥ ਸਮਝਾਉਣ ਲਈ ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਵੱਧ ਹੋਰ ਕੋਈ ਸਿਖਿਆ ਜਾਂ ਘਟਨਾ ਨਹੀਂ ਹੈ। ਇਸ ਪ੍ਰਤੀ ਪਾਵਨ ਹੁਕਮ ਹੈ।

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥ (ਵਡਹੰਸ ਮਹਲਾ ੨ ਪੰਨਾ ੫੯੦ )

ਗੁਰਦੇਵ ਜੀ ਨੇ ਸਪਸ਼ਟ ਸ਼ਬਦਾਂ ਵਿੱਚ ਨਿਰਣਾ ਕਰਕੇ ਦੱਸਿਆ ਹੈ ਕਿ ਜਦ ਤੱਕ ਜੀਵ ਹੁਕਮ ਨਹੀਂ ਬੁੱਝਦਾ, ਸਚੇ ਦਰ ਦੀ ਸੋਝੀ ਨਹੀਂ ਪੈਂਦੀ।

ਹਉਮੈ ਬੂਝੈ ਤਾਂ ਦਰ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥ (੪੬੬)

ਆਤਮਾ ਤੇ ਪ੍ਰਮਾਤਮਾ ਕੋਈ ਵੱਖ ਵੱਖ ਥੋੜੇ ਸਨ। ਇਨ੍ਹਾਂ ਦਾ ਇਕੋ ਜਗਾ ਵਾਸਾ ਤੇ ਟਿਕਾਣਾ ਸੀ ਪਰ ਹਉਮੈ ਦੀ ਤਕੜੀ ਕੰਧ ਨੇ ਇਨ੍ਹਾਂ ਦੇ ਵਿਚਕਾਰ ਦੂਰੀ ਬਣਾ ਦਿੱਤੀ। ਇਸ ਹਉਮੈ ਦੀ ਦੀਵਾਰ ਨੂੰ ਤੋੜਨਾ ਸੌਖਾ ਨਹੀਂ, ਕੇਵਲ ਪੂਰੇ ਗੁਰੂ ਦੀ ਓਟ ਤੇ ਰਹਿਮਤ ਹੀ ਤੋੜ ਕੇ ਮਿਲਾਪ ਕਰਾ ਸਕਦੀ ਹੈ।

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੇ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥ (ਮਲਾਰ ਮਹਲਾ ੪, ੧੨੬੩)

ਗੁਰਦੇਵ ਜੀ ਗੁਰਸਿੱਖ ਨੂੰ ਆਲਸੀ, ਦਲਿਦ੍ਰੀ, ਢਿੱਲੜ ਤੇ ਨਿਰਬਲ ਨਹੀਂ ਤੱਕਣਾ ਚਾਹੁੰਦੇ। ਹਰੇਕ ਗੁਰਸਿੱਖ ਨੂੰ ਬਲਵਾਨ ਤੇ ਉੱਦਮੀ ਬਨਾਉਣ ਲਈ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰਨ ਤ ਨਾਮ ਜੱਪਣ ਦੀ ਸਰਬ-ਕਾਲੀ ਜੁਗਤੀ ਨੂੰ ਵਰਤੋਂ ਵਿਚ ਲਿਆਉਣ ਦਾ ਹੁਕਮਨ ਸਿਰ ਹੁਕਮ ਹੈ।

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥
ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮ ਜਾਇ॥
(ਆਸਾ ਮਹਲਾ ੫-ਛੰਤ-੪੫੬)

ਸਾਡੇ ਵਿਚ ਬੇਅੰਤ ਔਗੁਣ ਹਨ, ਕਮੀਆਂ ਤੇ ਦੋਸ਼ ਹਨ। ਧੀਰਜ ਤੇ ਖਿਮਾ ਦਾ ਘਾਟਾ ਹੈ, ਖਿਮਾ ਦੀ ਕਮੀ ਹੈ, ਮਾਇਆ ਦਾ ਜ਼ਹਿਰ ਹੈ ਤੇ ਕ੍ਰੋਧ ਦਾ ਵਾਸਾ ਹੈ। ਜਿੱਥੇ ਸਾਨੂੰ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਬਾਰ ਬਾਰ ਉਪਦੇਸ਼ ਦਿੰਦੇ ਹਨ, ਉੱਥੇ ਨਾਮ ਦੀ ਸ਼ਕਤੀ ਤੇ ਗਿਆਨ ਦੀ ਖੜਸ ਨਾਲ ਜਿਵੇਂ ਵੀ ਹੋ ਸਕੇ, ਹਉਮੈ ਨੂੰ ਮਾਰਨ ਦਾ ਹੁਕਮ ਹੈ:

ਸੂਹੀ ਛੰਤ ਮਹਲਾ ੪॥
ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ॥
ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ ॥(੭੭੬)

ਇਸ ਹਉਮੈ ਨੇ ਕੰਚਨ-ਦੇਹੀ ਦਾ ਸੱਤਿਆ ਨਾਸ ਕਰ ਦਿੱਤਾ ਜਿਨ ਪ੍ਰਭੂ ਨਾਲ ਮਿਲਾਪ ਨਹੀਂ ਹੋਣ ਦਿੱਤਾ।

ਭਗਤ ਕਬੀਰ ਜੀ ਦੇ ਬਚਨਾਂ ਅਨੁਸਾਰ ਹੰਕਾਰ ਨੂੰ ਛੱਡ ਕੇ ਤੇ ਨਿਮਰਤਾ ਧਾਰਨ ਕਰਕੇ ਹੀ ਹਰੀ ਨਾਲ ਮਿਲਾਪ ਹੁੰਦਾ ਹੈ। ਰੇਤ ਵਿਚ ਦਾਣੇਦਾਰ ਖੰਡ ਬਿਖਰੀ ਪਈ ਹੈ, ਜਿਸ ਨੂੰ ਅਲੱਗ ਕਰਨ ਲਈ ਹੰਕਾਰੀ ਹਾਥੀ ਦੀ ਕੋਈ ਪੇਸ਼ ਨਹੀਂ ਜਾਂਦੀ। ਖੰਡ ਨੂੰ ਚੁਗਣ ਲਈ ਇੱਕੋ ਇੱਕ ਤਰੀਕਾ ਹੈ ਕਿ ਸਾਨੂੰ ਕੀੜੀ ਤੁੱਲ ਬਣਨਾ ਪਵੇਗਾ, ਹੋਰ ਕੋਈ ਜੁਗਤੀ ਨਹੀਂ।

ਹਰਿ ਹੈ ਖਾਂਡ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ॥੨੩੮ (ਸਲੋਕ ਭਗਤ ਕਬੀਰ ਜੀਉ)

ਜਿਉ ਜਾਨਵਰਾਂ ਦੇ ਪੈਰਾਂ ਨੂੰ ਰੱਸੇ ਆਦਿਕ ਨਾਲ ਬੰਨਿਆ ਜਾਂਦਾ ਹੈ ਕਿ ਜ਼ਿਆਦਾ ਭਟਕ ਨ ਸਕੇ,


www.AKJ.Org

ਤਿਉਂ ਹੰਕਾਰ ਜੀਵ ਨੂੰ ਇਉਂ ਬੰਨ੍ਹਦਾ ਹੈ ਕਿ ਉਹ ਸੱਚ ਦੇ ਮਾਰਗ ਤੇ ਚੱਲਣ ਦੇ ਯੋਗ ਨ ਰਹੇ। ਹੰਕਾਰ ਵਿੱਚ ਆਫਰਿਆ ਆਖਦਾ ਹੈ ਕਿ ਮੇਰਾ ਮਨ ਹੈ, ਮੇਰਾ ਤਨ ਹੈ ਮੇਰਾ ਸਰੀਰ ਹੈ, ਮੈਂ ਧਰਤੀ ਦਾ ਮਾਲਕ ਹਾਂ, ਮੈਂ ਇਸਦਾ ਹਾਂ, ਇਹ ਮੇਰਾ ਹੈ।

ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ॥
ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ॥ (ਗਉੜੀ ਆਸਾ ਮਹਲਾ ੫.(੨੧੫-੧੬)

ਹਉਮੈ ਦੁਆਰਾ ਕੀਤੇ ਕਰਮ ਕੀ ਹਨ, ਗਲ ਵਿੱਚ ਪਾਏ ਬੰਧਨ ਹਨ। ਹਉਮੈ ਆਵਾਗਉਣ ਦਾ ਕਾਰਨ ਬਣਦਾ ਹੈ ਤੇ ਮਨ ਨੂੰ ਰੱਤੀ ਭਰ ਵੀ ਬਿਸ੍ਰਾਮ ਨਹੀਂ ਕਰਨ ਦੇਂਦਾ। ਆਪ ਹੁਦਰਾਪਨ ਤੇ ਅਗਿਆਨਤਾ ਦਾ ਹਨੇਰਾ ਸੱਚੇ ਗੁਰੂ ਦੀ ਰੌਸ਼ਨੀ ਬਿਨਾ, ਉਸੇ ਤਰਾਂ ਕਾਇਮ ਰਹਿੰਦਾ ਹੈ

ਹਉ ਹਉ ਕਰਮ ਕਮਾਣੇ॥ ਤੇਤੇ ਬੰਧ ਗਲਾਣੇ॥
ਮੇਰੀ ਮੇਰੀ ਧਾਰੀ॥ ਓਹਾ ਪੈਰਿ ਲੋਹਾਰੀ॥ ਮਾਰੂ ਮਹਲਾ ੫ (੧੦੦੪)

ਜਿਉਂ ਪ੍ਰਕਾਸ਼ ਤੇ ਹਨੇਰਾ ਇੱਕਠੇ ਰਹਿਣਾ ਨਹੀਂ ਜਾਣਦੇ, ਤਿਉਂ ਤੂੰ ਤੇ ਮੈ, ਦੋਨਾਂ ਦਾ ਇੱਕੋ ਸਮੇਂ ਸਰੀਰ ਵਿਚ ਨਿਵਾਸ ਨਹੀਂ ਹੁੰਦਾ। ਵਿਚਾਰਾ ਅਭਾਗਾ ਬੰਦਾ ਤੂੰ ਬਿਨਾਂ ਤਾਂ ਗੁਜ਼ਾਰਾ ਕਰ ਲੈਂਦਾ ਹੈ ਪਰ ਮੈਂਨੂੰ ਛੱਡਣ ਵਾਸਤੇ ਤਿਆਰ ਨਹੀਂ ਹੁੰਦਾ। ਇਸ ਗੁੰਝਲਦਾਰ ਫੈਸਲੇ ਪ੍ਰਤੀ ਸਤਿਗੁਰੂ ਸਮਝਾਉਂਦੇ ਹਨ ਕਿ ਜੇ ਮੈਨੂੰ ਮੇਰਾ ਨ ਸਮਝੀਏ ਤੇ ਮੈਨੂੰ ਤੂੰ ਦੇ ਹਵਾਲੇ ਕਰ ਦਈਏ ਤਾਂ ਮੈ ਵਿਚ ਤੂੰ ਦੇ ਗੁਣ ਸਮਾ ਜਾਣਗੇ। ਇਉਂ ਮੈਂ ਤੇ ਤੂੰ ਦੀ ਇੱਕਮਿਕਤਾ ਹੋ ਜਾਵੇਗੀ ਤੇ ਮੈਂ ਦੀ ਰੁਕਾਵਟ ਦੂਰ ਹੋ ਜਾਵੇਗੀ। ਪਾਵਨ ਹੁਕਮ ਹੈ :-

ਹਉਮੈ ਕਰੀ ਤਾਂ ਤੂ ਨਾਹੀ, ਤੂ ਹੋਵਹਿ ਹਉ ਨਾਹਿ॥
ਬੂਝਹੁ ਗਿਆਨੀ ਬੂਝਣਾ ਏਹ ਅਕਥਿ ਕਥਾ ਮਨ ਮਾਹਿ॥ (ਵਾਰ ਮਾਰੂ ਮਹਲਾ ੧੦੯੨-੯੩)

ਭਗਤ ਕਬੀਰ ਜੀ ਦਾ ਕਥਨ ਹੈ ਕਿ ਜਦ ਅਸੀਂ ਆਪਣੇ ਆਪ ਨੂੰ ਸਭ ਕਿਛ ਸਮਝਦੇ ਸਾਂ ਉਸ ਸਮੇਂ ਪ੍ਰਭੂ ਦਾ ਹਿਰਦੇ ਵਿਚ ਨਿਵਾਸ ਨਹੀਂ ਸੀ। ਹੁਣ ਐਸੀ ਬਣ ਆਈ ਹੈ ਕਿ ਘੱਟ ਵਿਚ ਉਸ ਜੋਤੀ ਦਾ ਹੀ ਪ੍ਰਕਾਸ਼ ਪਸਰ ਰਿਹਾ ਹੈ। ਤੇ ਸੋਝੀ ਆ ਗਈ ਹੈ ਕਿ ਮੇਰਾ ਪ੍ਰਭੂ ਨਾਲ ਸੰਬੰਧ ਪਾਣੀ ਦੀ ਲਹਰ ਤੇ ਸਮੁੰਦਰ ਨਿਆਈਂ ਹੈ।

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਰਿ ਮਇਓ ਦੁਧਿ ਜਲਕੇਵਲ ਜਲ ਮਾਹੀ॥
(ਰਾਗ ਸੋਰਠਿ ਭਗਤ ਰਵਿਦਾਸ ਜੀ ੬੫੭)

ਸ਼ਹੁ ਦੇ ਦਰ ਤੇ ਪਰਵਾਨ ਹੋਈ ਸੁਹਾਗਨ ਤੋਂ ਇਕ ਗੁਰਮੁਖ ਸਖੀ ਸਹੇਲੀ ਅਤੀ ਨਿਮਰਤਾ ਤੇ ਮਾਣ ਨਾਲ ਪੁੱਛਦੀ ਹੈ ਕਿ ਪਤੀ-ਪਰਮੇਸ਼ਰ ਨਾਲ ਕਿਵੇਂ ਮਿਲਾਪ ਹੋਵੇਗਾ। ਇਸ ਦਾ ਉੱਤਰ ਗੁਰਦੇਵ ਜੀ ਬਹੁਤ ਸੁੰਦਰ ਸ਼ਬਦਾਂ ਦੁਆਰਾ ਦਿੰਦੇ ਹਨ।

- ਸਰਨਿ ਸੁਹਾਗਨਿ ਚਰਨ ਸੀਸੁ ਧਰਿ॥ ਲਾਲਨ ਮੋਹਿ ਬਤਾਵਹੁ॥ ਕਬ ਘਰਿ ਆਵੈ ਰੀ॥
- ਸੁਨਹ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ॥ ਤਉ ਘਰ ਹੀ ਲਾਲਨ ਪਾਵਹੁ॥

ਹਉਮੈ ਦੀਆਂ ਮੁੱਖ ਔਸ਼ਧੀਆ ਹੁਕਮ, ਆਤਮ ਸਮਰਪਨ ਤੇ ਸੇਵਾ ਹਨ, ਜਿਨ੍ਹਾਂ ਨੂੰ ਮੰਨਣਾ ਤੇ ਕਮਾਉਣਾ ਸੌਖੀ ਗੱਲ ਨਹੀਂ। ਹਉਮੈ ਵਿਚ ਭਗਤੀ ਹੁੰਦੀ ਤੇ ਹੁਕਮ ਬੁੱਝੇ ਬਿਨਾ ਹਉਮੈ ਦੂਰ ਨਹੀਂ ਹੁੰਦੀ। ਸੇਵਾ ਵੀ ਹੁਕਮ ਬੁੱਝ ਕੇ ਹੀ ਪਰਵਾਨ ਹੁੰਦੀ ਹੈ। ਹੁਕਮ ਬੁੱਝਣਾ ਹੀ ਤਾ ਔਖੀ ਗੱਲ ਹੈ। ਜੇ ਸੱਚੇ ਗੁਰੂ ਦੀ ਸੱਚੀ ਓਟ ਪ੍ਰਾਪਤ ਹੋ ਜਾਵੇ ਤੇ ਅਸੀਂ ਗੁਰੂ ਦੇ ਹੋ ਜਾਈਏ ਤੇ ਆਪਣਾ ਆਪ ਅਰਪਨ ਕਰ ਦਈਏ, ਤਨ, ਮਨ, ਧੰਨ ਸਤਿਗੁਰੂ ਨੂੰ ਸੌਂਪ ਦਈਏ ਤਾਂ ਹਉਮੈ ਦਾ ਪੜਦਾ ਢਹਿ ਢੇਰੀ ਹੋ ਜਾਂਦਾ ਹੈ। ਸਤਿਗੁਰੂ ਦਾ ਫੁਰਮਾਨ ਹੈ-

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ॥
ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ॥(ਰਾਮਕਲੀ ਮਹਲਾ ੩ ਅਨੰਦ ੯੨੧)

ਆਤਮ ਸਮਰਪਨ ਸ਼ੁਭ ਗੁਣਾਂ ਦਾ ਸੋਮਾ ਹੀ ਨਹੀਂ। ਰਖਵਾਲਾ ਭੀ ਹੈ, ਇਸ ਤੋਂ ਅਉਗਣਾਂ ਪਰਵੇਸ਼ ਨੂੰ ਰੋਕ ਪੈਂਦੀ ਹੈ। ਇਸ ਦੈਵੀ ਗੁਣ ਦੀ ਮਹਿਮਾ ਅਪਾਰ ਹੈ। ਇਹ ਪ੍ਰਭੂ ਦੇ ਮਿਲਾਪ ਲਈ ਜੁਗਤੀ ਭੀ ਹੈ, ਨਿਸ਼ਾਨੀ ਭੀ। ਪਾਵਨ ਹੁਕਮ ਹੈ-

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥

(ਸੂਹੀ ਮਹਲਾ ੫-੭੩੭)

ਪ੍ਰਭੂ ਦੀ ਸਰਬ ਵਿਆਪਕਤਾ ਨੂੰ ਆਪਣੇ ਨੇਤਰਾਂ ਨਾਲ ਪ੍ਰਤੱਖ ਤੱਕਣ ਤੇ ਪੂਰਨ ਅਭੇਦਤਾ ਪ੍ਰਾਪਤ ਕਰਨ ਦੀ ਜਿਹੜੀ ਜੁਗਤੀ ਸਾਨੂੰ ਭਗਤ ਕਬੀਰ ਜੀ ਨੇ ਸਮਝਾਈ ਹੈ, ਉਹ ਆਪਣੇ ਤਜਰਬੇ ਦੇ ਬਿਨਾ ਤੇ ਤਾਂ ਹੈ ਹੀ, ਮਨੋਵਿਗਿਆਨਕ ਦ੍ਰਿਸ਼ਟੀ ਕੋਣ ਤੋਂ ਵੀ ਪੂਰੀ ਉਤਰਦੀ ਹੈ

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥੨੦੪॥

(ਸਲੋਕ ਭਗਤ ਕਬੀਰ ਜੀ ੧੩੭੫)

ਇਹ ਅਮਲੀ ਜੁਗਤੀ ਵਾਸਤਵ ਵਿਚ ਰਸਨਾ ਦੁਆਰਾ ਗੁਰਮੰਤਰ ਦੇ ਜਾਪ ਦੀ ਹੈ ਜਿਸ ਦੁਆਰਾ ਸਲਲੈ ਸਲਲ ਸਮਾਉਣੀ ਕਲਾ ਵਰਤਦੀ ਹੈ।

ਇਕ ਫਾਰਸੀ ਦੇ ਸ਼ਾਇਰ ਨੇ ਜੀਵ ਤੇ ਪਾਰਬ੍ਰਹਮ ਦੀ ਅਭੇਦਤਾ ਬਾਰੇ ਆਪਣੇ ਖ਼ਿਆਲ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ।

ਮਨ ਤੂ ਸ਼ੁਦਮ, ਤੂ ਮਨ ਸ਼ੁਦੀ, ਮਨ ਤਨ ਸ਼ੁਦਮ ਤੂ ਜਾਨ ਸ਼ੁਦੀ॥
ਤਾ ਕਸਨ ਨ ਗੋਯਦ ਬਾਅਦਅਜ਼ੀਂ ਮਨ ਦੀਗਰਮ ਤੂ ਦੀਗਰੀ॥

ਅਰਥਾਤ, ਮੈ ਤੂੰ ਬਣ ਗਿਆ, ਤੂੰ ਮੈਂ ਬਣ ਗਿਆ।
ਮੈਂ ਤਨ ਬਣ ਗਿਆ ਤੂੰ ਜਾਨ ਬਣ ਗਿਆ।
ਕਿ ਪਿਛੋਂ ਕੋਈ ਇਹ ਨ ਕਹੈ, ਮੈਂ ਹੋਰ ਹਾਂ ਤੂੰ ਹੋਰ ਹੈਂ।

ਭਗਤ ਕਬੀਰ ਜੀ ਉਸ ਉੱਚੀ ਅਵਸਥਾ ਵਿੱਚ ਪੁੱਜ ਚੁਕੇ ਹਨ ਜਿੱਥੇ ਹਰ ਸਮੇਂ ਹਿਰਦੇ ਵਿਚ ਤੂੰਹੀ, ਤੂੰਹੀ ਰਮਿਆ ਹੋਇਆ ਹੈ। ਆਤਮ ਪ੍ਰਮਾਤਮਾ ਦੋਹਾਂ ਦਾ ਪ੍ਰਕਾਸ਼ ਇਉਂ ਘੁਲ ਮਿਲ ਗਿਆ ਹੈ ਕਿ ਇਨ੍ਹਾਂ ਦਾ ਅਲੱਗ ਅਲੱਗ ਨਿਰਣਾ ਕਰਨਾ ਅਸੰਭਵ ਹੋ ਗਿਆ ਹੈ।

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਣੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ (ਰਾਮਕਲੀ ਭਗਤ ਕਬੀਰ ਜੀ ੯੬੯)

(ਪੰਨਾ ੪ ਦਾ ਬਾਕੀ ..)

ਇਸ ਮਾਇਆ ਤੋਂ ਬੇਮੁਹਤਾਜ ਕੇਵਲ ਗੁਰੂ ਘਰ ਦੇ ਅਧਿਆਤਮ ਕਰਮੀ ਗੁਰਮੁਖ ਜਨ ਹੀ ਹਨ ਕਿਉਂਕਿ ਉਹ ਅਨਦਿਨ (ਦਿਨ ਰਾਤ) ਸੱਚੇ ਸ਼ਬਦ ਦੀ ਸਾਲਾਹ (ਸਿਫਤਿ ਸਾਲਾਹ) ਮਈ ਅਭਿਆਸ ਕਮਾਈ ਵਿਚਿ ਹੀ ਨਿਮਗਨ ਰਹਿੰਦੇ ਹਨ ਤਿਨ੍ਹਾਂ ਦੇ ਮਨ ਅੰਦਰਿ ਇਸ ਸੱਚੜੀ ਸਿਫਤਿ ਸਾਲਾਹੀ ਅਧਿਆਤਮ ਅਭਿਆਸ ਕਮਾਈ ਕਰਨ ਤੇ ਕਾਰਨ ਸੱਚਾ ਵਾਹਿਗੁਰੂ ਹੀ ਸਦਾ ਵਸਿ ਰਹਿਆ ਹੁੰਦਾ ਹੈ। ਵਾਹਿਗੁਰੂ ਅਤੇ ਵਾਹਿਗੁਰੂ ਦੀ ਸਿਫਤਿ ਸਾਲਾਹ ਤਿਨ੍ਹਾਂ ਦੇ ਮਨ ਅੰਦਰਿ ਵਸਣ ਅਤੇ ਸਦਾ ਵਸੀ ਰਹਿਣ ਕਰਕੇ ਤਿਨ੍ਹਾਂ ਦਾ ਸਗਲਾ ਰੋਗ ਕਟਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਘਰ ਨੇ (ਗੁਰੂ ਘਰ ਦੇ) ਹਰਿ ਜਨ ਗੁਰਮੁਖ ਲੋਗ ਸਦਾ ਹੀ ਹਰ ਪ੍ਰਕਾਰੀ ਰੋਗ ਤੋਂ ਬਚੇ ਹੀ ਰਹਿੰਦੇ ਹਨ, ਰੋਗ ਦੀ ਮੈਲ ਤੋਂ ਨਿਰਮਲ (ਨਿਰਲੇਪ) ਹੀ ਰਹਿੰਦੇ ਹਨ, ਜਿਨ੍ਹਾਂ ਨੂੰ ਨਦਰ ਕਰੰਮੀ ਬਖ਼ਸ਼ਸ਼ ਦੁਆਰਾ ਸੱਚੜਾ ਅਧਿਆਤਮ ਕਰਮ ਵਾਲਾ ਖ਼ੁਤਬਾ (ਨੀਸਾਣ) ਨਸੀਬ ਹੋਇਆਵਿਆ ਹੁੰਦਾ ਹੈ॥੯॥੧॥

ਧੰਨ ਗੁਰੂ ਨਾਨਕ ਨਿਰੰਕਾਰੀ, ਅਧਿਆਤਮ ਕਰਮੀਆਂ ਦਾ ਨਿਰੰਕਾਰੀ ਨਾਮ ਆਧਾਰੀ। ▪ ▪ ▪


www.AKJ.Org

# ਸੰਸਾਰ ਰੋਗੀ ਨਾਮੁ ਦਾਰੂ

ਵਲੋਂ ਸ: ਸੇਵਾ ਸਿੰਘ 'ਸੇਵਕ'.

ਸਸਾਰ ਵਿਚ ਹਰੇਕ ਆਦਮੀ ਦਾ ਸੋਚਣ ਸਮਝਣ ਤੇ ਕੰਮ ਕਰਨ ਦਾ ਦਾਇਰਾ ਆਪਣੀ ਬੁੱਧੀ, ਗਿਆਨ, ਤਜਰਬੇ ਤੇ ਅਨੁਭਵ ਅਨੁਸਾਰ ਹੁੰਦਾ ਹੈ। ਇਸ ਦਾਇਰੇ ਦੇ ਸੁੰਗੜੇ ਹੋਣ ਦੇ ਕਾਰਨ ਆਦਮੀ ਦੀ ਸ਼ਖਸੀਅਤ ਵੀ ਸੁੰਗੜਵੀਂ ਤੇ ਵਿਕਾਸ-ਰਹਿਤ ਹੁੰਦੀ ਹੈ ਅਤੇ ਇਸ ਦੇ ਖੁਲ੍ਹੇ ਤੇ ਫੈਲਾਉ ਵਾਲੇ ਹੋਣ ਕਰਕੇ ਸ਼ਖਸੀਅਤ ਵੀ ਵਿਕਸਤ ਤੇ ਸਰਬ-ਸੰਸਾਰਕ ਜਾਂ ਬ੍ਰਹਿਮੰਡੀ ਹੋ ਜਾਂਦੀ ਹੈ।

ਦੁਨਿਆਵੀ ਤਜਰਬੇ ਵਿਚ ਆਇਆ ਹੋਇਆ ਉਪ੍ਰੋਕਤ ਅਸੂਲ ਸਾਂਗੋ-ਪਾਂਗੋ ਆਤਮਕ ਮੰਡਲਾਂ ਵਿਚ ਵੀ ਕੰਮ ਕਰਦਾ ਹੈ। ਖੁਲ੍ਹੇ ਆਤਮਕ ਅਨੁਭਵ ਵਾਲੀਆਂ ਸ਼ਖਸੀਅਤਾਂ ਦਾ ਸੰਬੰਧ, ਬ੍ਰਹਿਮੰਡੀ ਝਲਕਾਂ ਦੀ ਸੋਝੀ ਦੁਆਰਾ ਇਕ ਅਤ ਉਚੀ ਤੇ ਅਗੂੜ ਵਿਸਮਾਦੀ ਅਵਸਥਾ ਨਾਲ ਜੁੜ ਜਾਂਦਾ ਹੈ ਅਤੇ ਇਸ ਤਜਰਬੇ ਤੋਂ ਕੋਰੇ ਪੁਰਸ਼, ਖੂਹ ਦੇ ਡੱਡੂ ਵਾਂਗ ਆਪਣਾ ਦੁਰਲਭ ਮਨੁੱਖਾ ਜਨਮ, ਆਪਣੇ ਸੌੜੇ ਆਲੇ ਦੁਆਲੇ ਵਿਚ ਹੀ ਗੁਜ਼ਾਰ ਕੇ ਭਸਮਾ ਭੂਤ ਹੋ ਜਾਂਦੇ ਹਨ।

ਅੱਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਦੁਨੀਆ ਦੇ ਹਰੇਕ ਇਸਤ੍ਰੀ ਪੁਰਸ਼ ਦਾ ਗਿਆਨ-ਖੇਤਰ ਜਾਂ ਸੋਚਣ ਦਾ ਦਾਇਰਾ ਏਨਾ ਸੌੜਾ ਸੀ ਕਿ ਆਪਣੀ ਭਲਾਈ,ਖ਼ੁਦਗ਼ਰਜ਼ੀ ਤੇ ਪੇਟ-ਪੂਜਾ ਤੋਂ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ ਸੀ। ਆਪਣੀ ਸਰੀਰਕ ਹੋਂਦ ਨੂੰ ਕਾਇਮ ਰਖਣ ਲਈ ਈਰਖਾ, ਘ੍ਰਿਣਾ, ਧੋਖਾ, ਪਖੰਡ ਤੇ ਜ਼ੁਲਮੀ ਵਰਤੋਂ ਇਕ ਆਮ ਗੱਲ ਹੋ ਚੁਕੀ ਸੀ।ਸੱਚੀ ਤੇ ਸੁਚੀ ਆਤਮਕ ਜੋਤ ਮੂਲੋਂ ਬੁਝ ਚੁਕੀ ਸੀ ਤੇ ਹਰੇਕ ਪੁਰਸ਼ ਈਰਖਾ ਦੀ ਅੱਗ ਤੇ ਹਉਮੈ ਨਾਲ ਦਗਧ ਹੋ ਰਹਿਆ ਸੀ।

ਅਕਾਲ ਪੁਰਖ ਨੂੰ ਦੁਨੀਆ ਦੀ ਇਸ ਨਰਕੀ ਅਵਸਥਾ ਉਤੇ ਤਰਸ ਆਇਆ ਤੇ ਅਗੰਮੀ ਜੋਤ,ਗੁਰੂ ਨਾਨਕ ਦੇਵ ਦੇ ਰੂਪ ਵਿਚ ਜਗਤ ਵਿਚ ਆ ਉਤਰੀ। ਜਗਤ ਗੁਰੂ ਨੇ ਸੰਸਾਰ ਨੂੰ ਜੜ੍ਹਤਾ ਤੇ ਅਗਿਆਨਤਾ ਦੇ ਘੁਪ ਅਨ੍ਹੇਰੇ ਵਿਚ ਗ੍ਰਸਿਤ ਤੱਕਿਆ ਅਤੇ ਝੂਠ,ਪਾਪ,ਪਖੰਡ ਤੇ ਅਨਿਆਇ ਦੀ ਪ੍ਰਧਾਨਤਾ ਵੇਖੀ। ਉਨ੍ਹਾਂ ਨੇ ਵੇਖਿਆ ਕਿ ਭਾਵੇਂ ਸੰਸਾਰ ਦੇ ਲੋਕ,ਖਾਂਦੇ ਪੀਂਦੇ, ਪਹਿਨਦੇ,ਹੱਸਦੇ ਨੱਚਦੇ, ਕਾਰੋਬਾਰ ਕਰਦੇ ਤੇ ਰੰਗ ਰਲੀਆਂ ਮਨਾਉਂਦੇ ਹਨ,ਪਰ ਸੱਚ ਤੇ ਧਰਮ ਤੋਂ ਕੋਰੇ ਹੋਣ ਕਰਕੇ ਭੰਬਲ-ਭੂਸੇ ਖਾ ਰਹੇ ਹਨ। ਪਾਪ-ਗ੍ਰਾਸੀ ਪ੍ਰਿਥਵੀ ਦੇ ਵਸਨੀਕਾਂ ਦੀ ਆਤਮਾ ਸੜ ਕੇ ਕਾਲੇ ਕੋਲੇ ਦਾ ਰੂਪ ਧਾਰਨ ਕਰ ਚੁਕੀ ਹੈ।

ਬਾਬਾ ਦੇਖੈ ਧਿਆਨ ਧਰ, ਜਲਤੀ ਸਭ ਪ੍ਰਿਥਵੀ ਦਿਸ ਆਈ।

ਜਗਤ ਗੁਰੂ,ਦਇਆ,ਤਰਸ ਤੇ ਮਿਹਰ ਦੇ ਘਰ ਵਿਚ ਆਇਆ। ਆਪ ਨੇ ਜੀਵਾਂ ਵਲੋਂ ਹੋ ਕੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕੀਤੀ। ਰੱਬੀ ਦਰਬਾਰੋਂ ਬਖਸ਼ਸ਼ ਹੋਈ।ਬਾਬੇ ਨੂੰ ਨਾਮ-ਦਾਤ ਧੁਰ ਦਰਗਾਹੋਂ ਮਿਲੀ।

ਪਹਿਲੋਂ ਬਾਬੇ ਪਾਇਆ ਬਖਸ਼ ਦਰ, ਪਿਛੋਂ ਦੇ ਫਿਰ ਘਾਲ ਕਮਾਈ।

ਜਗਤ-ਜੀਵ,ਆਪਣੇ ਕੇਂਦਰ ਅਕਾਲ ਪੁਰਖ ਤੋਂ ਵਿਛੜ ਕੇ ਭੰਬਲ ਭੂਸੇ ਤੇ ਭੁਲੇਖੇ ਵਿਚ ਪੈ ਚੁਕੇ ਸਨ। ਗੁਰੂ ਵੈਦ ਨੇ ਤਰਸ ਖਾ ਕੇ ਗਿਆਨ ਨਸ਼ਤਰ ਨਾਲ,ਹਉਮੈ ਦੇ ਗੁੰਮ ਫੋੜੇ ਨੂੰ ਚੀਰਾ ਦਿਤਾ। ਭਰਮ ਤੇ ਅਗਿਆਨਤਾ ਵਿਚੋਂ ਕਢ ਕੇ ਨਾਮ ਦਾ ਠੰਢਾ ਸੁਖਾਵਾਂ ਫਹਿਆ ਲਾ ਕੇ ਨਿਰੋਗ ਕੀਤਾ।

ਸੰਸਾਰੁ ਰੋਗੀ,ਨਾਮ ਦਾਰੂ, ਮੈਲੁ ਲਾਗੈ ਸਚ ਬਿਨਾ।।

ਸਤਿਗੁਰੂ ਜੀ ਤੋਂ ਨਾਮ ਦਾਨ ਪ੍ਰਾਪਤ ਕਰ ਚੁਕੇ ਲੋਕ, ਪਰਮ ਅਨੰਦ ਦੀ ਸੁਗੰਧੀ ਨਾਲ ਇਉਂ ਮੋਹਿਤ (ਸੁਗੰਧਤ) ਹੋ ਉਠੇ, ਜਿਵੇਂ ਚੰਦਨ ਰੁਖ ਵਾਲੇ ਜੰਗਲ ਵਿਚ ਖੜੇ ਹੋਏ ਰੁੱਖ ਬਿਰਖ। ਪਰਮ ਪਿਤਾ ਜੀ ਤੋਂ ਵਰੋਸਾਏ ਹੋਏ ਅਜਿਹੇ ਇਸਤ੍ਰੀ ਪੁਰਸ਼, ਅਮੀਰ ਗਰੀਬ, ਊਚ ਨੀਚ, ਰਾਜਾ ਰੰਕ, ਪੰਡਤ ਮੌਲਵੀ, ਮੂੜ ਸਿਧ, ਜਤੀ ਜੋਗੀ, ਸ਼ਹਿਰੀ ਪੇਂਡੂ ਤੇ ਪਾਪੀ ਪਾਖੰਡੀ ਆਪਣੇ ਅੰਦਰ ਲਟ ਲਟ ਬਲਦਾ ਗਿਆਨ ਦਾ ਸੂਰਜ ਅਨੁਭਵ ਕਰਨ ਲਗ ਲਏ। ਉਹਨਾਂ ਦੀ ਬੁੱਧੀ ਤੇ ਆਤਮਕ ਅਨੁਭਵ ਦਾ ਤੰਗ ਸੌੜਾ ਦਾਇਰਾ ਵਿਸ਼ਾਲਤਾ ਤੇ ਫੈਲਾਉ

ਵਾਲਾ ਹੋ ਗਿਆ। ਗੁਰੂ ਬਾਬੇ ਦੇ ਅਣੀਆਲੇ ਤੀਰਾਂ ਨੇ ਉਪਦੇਸ਼ ਦੁਆਰਾ ਤੇਜ਼ ਘਾਉ ਕੀਤੇ। ਦਰਸ਼ਕਾਂ ਤੇ ਸਰੋਤਿਆਂ ਦੀ ਆਤਮਾ, ਪ੍ਰੇਮ, ਖਿੱਚ, ਵੈਰਾਗ ਤੇ ਰਸ ਵਿਚ ਦ੍ਰਵੀਭੂਤ ਹੋ ਕੇ ਵਹਿ ਤੁਰੀ।

ਹੁਣ ਇਹ ਬਦਲੇ ਹੋਏ ਲੋਕ ਆਪਣੇ ਆਪ ਨੂੰ ਜਲ-ਕਣੀ ਦੀ ਥਾਂ ਸਮੁੰਦਰ ਦਾ ਰੂਪ ਸਮਝਣ ਲਗ ਪਏ । ਖ਼ੁਦੀ ਤੇ ਸ਼ਖ਼ਸੀ ਦਾਇਰੇ ਵਿਚੋਂ ਉਠ ਕੇ ਖੰਡਾਂ, ਵਰਭੰਡਾਂ, ਸਰਾਂ, ਮੇਰਾਂ, ਜੰਤਾਂਹ ਦੇ ਸੈਲਾਨੀ ਬਣ ਗਏ । ਗੁਰਬਾਣੀ ਦੇ ਵਿਚਾਰ ਤੇ ਨਾਮ ਸਿਮਰਨ ਕੀ ਲਿਵਤਾਰ ਨੇ ਇਕ ਅਜਿਹੇ ਅਨੂਠੇ ਰਸ ਦੀ ਨਿਮਗਨਤਾ ਬਖਸ਼ੀ ਕਿ ਉਸ ਅਗੰਮੀ ਸੁਆਦ ਵਿਚ ਗੜੂੰਦ ਹੋਇਆਂ ਨੂੰ ਦੁਨੀਆਂ ਦੇ ਵਡੇ ਵਡੇ ਸੁਖ ਹੇਚ ਭਾਸਣ ਲਗੇ।

ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੀ ਸੰਸਾਰ ਦੀ ਕਾਇਆਂ ਪਲਟਣ ਵਾਲੀ ਅਵਸਥਾ ਦਾ ਵਰਨਣ ਭਾਈ ਗੁਰਦਾਸ ਜੀ ਦੀ ਪਉੜੀ ਤੋਂ ਪ੍ਰਗਟ ਹੁੰਦਾ ਹੈ :-

ਨਿਹਚਲ ਨੀਉ ਧਰਾਈਓਨੁ, ਸਾਧ ਸੰਗਤਿ ਸਚ ਖੰਡ ਸਮੇਉ।
ਗੁਰਮੁਖ ਪੰਥ ਚਲਾਇਓਨੁ, ਸੁਖ ਸਾਗਰ ਬੇਅੰਤ ਅਮੇਉ।
ਸਚਿ ਸਬਦਿ ਆਰਾਧੀਐ, ਅਗਮ ਅਗੋਚਰ ਅਲਖ ਅਭੇਉ।
ਚਹੁੰ ਵਰਨਾਂ ਉਪਦੇਸ਼ਦਾ, ਛਿਅ ਦਰਸਨ ਸਭਿ ਸੇਵਕ ਸੇਉ।
ਮਿਠਾ ਬੋਲਣੁ ਨਿਵ ਚਲਣੁ, ਗੁਰਮੁਖਿ ਭਾਉ ਭਗਤਿ ਅਰਥੇਉ।
ਆਦਿ ਪੁਰਖੁ ਆਦੇਸ ਹੈ, ਅਬਿਨਾਸੀ ਅਤਿ ਅਛਲ ਛਲੇਉ।
ਜਗਤ ਗੁਰੂ ਗੁਰੂ ਨਾਨਕ ਦੇਉ।

ਗੁਰੂ ਨਾਨਕ ਦੇਵ ਜੀ ਦੀ ਰਸ ਭਰੀ ਵਿਸਮਾਦੀ ਲਿਵਲੀਨਤਾ, ਉਹਨਾਂ ਦੇ ਜਲਾਲ ਭਰੇ ਮਸਤਕ, ਨਸ਼ੀਲੇ ਨੈਣਾਂ, ਸੁਹਾਵਣੇ ਬੁੱਲ੍ਹਾਂ, ਨੂਰਾਨੀ ਕੇਸਾਂ ਤੇ ਲਟਕਵੀਂ ਚਾਲ ਵਿਚ ਸਮਾਈ ਹੋਈ ਸੀ। ਕੀ ਬਾਬਰ ਦੀ ਚੱਕੀ ਚਲਾਉਂਦਿਆਂ ਤੇ ਕੀ ਰਾਜੇ ਸ਼ਿਵਨਾਭ ਪਾਸੋਂ ਆਦਰ ਲੈਂਦਿਆਂ, ਕੀ ਭਾਈ ਲਾਲੋ ਦੀ ਸੁੱਕੀ ਕੋਧਰੇ ਦੀ ਰੋਟੀ ਪ੍ਰੇਮ ਨਾਲ ਪਚਾਕਦਿਆਂ ਤੇ ਕੀ ਸਿੱਧਾਂ ਦੇ ਕਰਾਮਾਤੀ ਡਰਾਉਣੇ ਸੱਪਾਂ ਬਘਿਆੜਾਂ ਨੂੰ ਵੇਖਦਿਆਂ ਹੋਇਆਂ ਗੁਰੂ ਜੀ ਦੀ ਆਤਮਾ, ਅਨੂਠੇ ਵਿਸਮਾਦੀ ਰਸ ਵਿਚ ਗੁੱਟ ਰਹਿੰਦੀ। ਉਹਨਾਂ ਦੇ ਆਤਮਕ ਪਰਕਾਸ਼ ਦੀ ਰੌਸ਼ਨੀ ਨਾਲ, ਦੁਨੀਆਂ ਦਾ ਜ਼ਰਾ ਜ਼ਰਾ ਸੁਨਹਿਰੀ ਆਭਾ ਨਾਲ ਜਗਮਗਾ ਉਠਿਆ ਤੇ ਆਪ ਨੇ ਫ਼ੁਰਮਾਇਆ-

ਵਿਸਮਾਦੁ ਨਾਦ ਵਿਸਮਾਦ- ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥......
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ.......

ਇਸ ਅਨੂਪਮ ਦੇ ਅਸਚਰਜ ਹਾਲਤ ਵਿਚ ਰੋਗੀ ਸੰਸਾਰ ਦੀ ਵਿਚਾਰ ਦਾ ਦਾਇਰਾ ਵੀ ਖੁਲ੍ਹਾ ਹੋ ਗਇਆ। ਈਰਖਾ, ਸਾੜੇ ਤੇ ਦੁਪਿਆਰਤਾ ਦੀ ਥਾਂ ਮੈਤਰੀ, ਪ੍ਰੇਮ, ਭਰੱਪਣ ਤੇ ਸਹੋਦਰਤਾ ਨੇ ਆ ਮੱਲੀ। ਖ਼ੁਦੀ ਮਿਟ ਗਈ, ਆਸੁਰੀ ਭਾਵਾਂ ਉਤੇ ਦੈਵੀ ਸੰਪਦਾ ਦੇ ਗੁਣਾਂ ਨੇ ਵਿਜੈ ਪ੍ਰਾਪਤ ਕਰ ਲਈ। ਦੁਨੀਆਂ ਵਿਚ ਸ਼ਾਂਤੀ ਪਸਰ ਗਈ ਤੇ ਇਉਂ ਜੀਵਾਂ ਤੇ ਵਾਹਿਗੁਰੂ ਜੀ ਦੇ ਵਿਚਕਾਰ ਜੋ ਭੁੱਲ ਦਾ ਪਾੜਾ ਪਿਆ ਹੋਇਆ ਸੀ, ਉਹ ਦੂਰ ਹੋ ਗਿਆ ਅਤੇ ਜੀਵਾਂ ਦੇ ਕਰਮ, ਪਿਆਰ ਤੇ ਪਰਉਪਕਾਰ ਵਾਲੇ ਹੋ ਗਏ।

ਅੱਜ ਦੀ ਦੁਨੀਆ ਫੇਰ ਉਹਨਾਂ ਆਤਮਕ ਉਚਿਆਣਾਂ ਦੇ ਵਿਸਮਾਦ-ਮਈ ਰਸਾਂ ਤੋਂ ਸੁੰਞੀ ਹੋ ਰਹੀ ਹੈ। ਸੋਚ ਤੇ ਅਨੁਭਵ ਦੇ ਦਾਇਰੇ ਤੰਗ ਹੋ ਕੇ ਖ਼ੁਦਗਰਜ਼ੀ ਤੇ ਆਪਾ-ਧਾਪੀ ਦਾ ਦੌਰ-ਦੌਰਾ ਹੋ ਰਿਹਾ ਹੈ। ਹਰੇਕ ਪ੍ਰਾਣੀ ਤਰੱਕੀ ਖੁਣੋਂ ਅਟਕ ਵਿਚ ਹੈ। ਸ਼ਖਸੀਅਤਾਂ ਦਾ ਆਤਮ-ਵਿਕਾਸ ਰੁਕ ਜਾਣ ਕਰਕੇ ਹਉਮੈ, ਤ੍ਰਿਸ਼ਨਾ ਤੇ ਪਸ਼ੂ-ਬਿਰਤੀਆਂ ਪਰਧਾਨ ਹੋ ਗਈਆਂ ਹਨ। ਸੰਸਾਰ ਦੇ ਸਭਯ ਅਖਵਾਉਣ ਵਾਲੇ ਦੇਸ਼ ਈਰਖਾ ਤੇ ਸਾੜੇ ਵਿਚ ਫੁੰਕਾਰਦੇ ਹੋਏ, ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਜੰਗ ਦੀ ਮੰਗ ਕਰ ਰਹੇ ਹਨ। ਵਿਦਿਆ, ਧਨ, ਅਰੋਗਤਾ, ਵਡ ਉਮਰੀ, ਸੁਖ ਤੇ ਐਸ਼ਵਰਜ ਆਦਿ ਚੀਜ਼ਾਂ ਨਾਲ ਸੰਪਨ ਦੇਸ਼, ਲਾਲਚ, ਹੰਕਾਰ ਤੇ ਈਰਖਾ ਨਾਲ ਅਸ਼ਾਂਤ ਹੋ ਰਹੇ ਹਨ। ਕੋਈ ਅਕਲ ਚਤੁਰਾਈ ਜਾਂ ਨੀਤੀ ਹਾਰਦਿਕ ਸ਼ਾਂਤੀ ਦੀ ਕਾਇਮੀ ਲਈ

(ਬਾਕੀ ਪੰਨਾ ੨੦ ਤੇ..)

# ਭੈਣੇ ਸਾਵਣ ਆਇਆ !

(ਵਲੋਂ :– ਅਜੀਤ ਕੌਰ ਲੁਧਿਆਣਾ)

ਪੰਜਾਬ ਵਾਸੀਆਂ ਲਈ ਸਾਵਣ ਦੇ ਮਹੀਨੇ ਦੀ ਇਕ ਵਿਸ਼ੇਸ਼ ਮਹੱਤਤਾ ਹੈ। ਜੇਠ-ਹਾੜ ਦੀ ਅਤਿ ਦੀ ਗਰਮੀ ਅਤੇ ਲੂੰਹਦੀਆਂ ਲੋਆਂ ਮਗਰੋਂ ਸਾਵਣ ਮਹੀਨੇ ਦੀਆਂ ਠੰਡੀਆਂ-ਠਾਰ ਅਤੇ ਮਹਿਕਦੀਆਂ ਹਵਾਵਾਂ ਸਾਰੇ ਵਾਤਾਵਰਨ ਨੂੰ ਰੁਮਾਂਚਕ ਬਣਾ ਦੇਂਦੀਆਂ ਹਨ। ਨਿੱਕੀ-ਨਿੱਕੀ ਕਣੀ ਦਾ ਮੀਂਹ, ਸਾਵਣ ਦੇ ਛਰਾਟੇ ਅਤੇ ਸਾਵਣ ਦੀਆਂ ਝੜੀਆਂ ਪੰਜਾਬ ਦੇ ਸਾਂਸਕ੍ਰਿਤਕ ਜੀਵਨ ਵਿੱਚ ਇੱਕ ਅਨੂਠਾ ਰਸ ਭਰ ਦੇਂਦੀਆਂ ਹਨ। ਸਾਰਾ ਬ੍ਰਹਮੰਡ ਨਸ਼ਿਆ ਜਾਂਦਾ ਹੈ। ਧਰਤੀ ਮੌਲਦੀ ਹੈ ਬਨਸਪਤੀ ਤੇ ਨਵਾਂ ਨਿਖਾਰ ਆਉਂਦਾ ਹੈ। ਵਣ-ਤ੍ਰਿਣ ਹਰਿਆਵਲੇ ਹੋ ਜਾਂਦੇ ਹਨ। ਜੀਵ-ਜੰਤੂ ਖੁਸ਼ੀ ਵਿਚੱ ਮਸਤ ਹੋ ਕੇ ਝੂਮਦੇ ਹਨ। ਕਾਲੀਆਂ ਘਟਾਵਾਂ ਨੂੰ ਵੇਖਕੇ ਮੋਰ ਨੱਚ ਉਠਦੇ ਹਨ। ਅੰਬਾਂ ਵਿੱਚ ਰਸ ਭਰਦਾ ਹੈ। ਕੋਇਲ ਮਿਠਾ ਰਾਗ ਅਲਾਪਦੀ ਹੈ। ਇਸ ਰੁੱਤ ਵਿੱਚ ਜੀਵ-ਆਤਮਾ ਆਪਣੇ ਪ੍ਰਭੂ-ਪਤੀ ਦੇ ਮਿਲਾਪ ਲਈ ਤੜਪਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿੱਚ 'ਬਾਰਾਂ-ਮਾਂਹ' ਦੀ ਰਚਨਾ ਕੀਤੀ। ਇਨਾ ਬਾਰਾਂ ਮਹੀਨਿਆਂ ਵਿੱਚ ਜਿਥੇ ਗੁਰੂ ਜੀ ਨੇ ਕੁਦਰਤ ਦੇ ਦ੍ਰਿਸ਼ਾਂ ਨੂੰ ਉਲੀਕਿਆ ਹੈ ਉਥੇ ਬਦਲਦੇ ਹੋਏ ਮੌਸਮ ਤੇ ਰੁੱਤਾਂ ਦਾ ਵਿਯੋਗਣ-ਆਤਮਾ ਦੇ ਦਿਲ ਤੇ ਜੋ ਅਸਰ ਪ੍ਰਤੱਖ ਰੂਪ ਵਿੱਚ ਨਜ਼ਰ ਆਉਂਦਾ ਹੈ, ਉਸਦਾ ਵੀ ਵਿਸ਼ਲੇਸ਼ਣ ਕੀਤਾ ਹੈ। ਜੀਵ-ਆਤਮਾ ਦੇ ਹਿਰਦੇ ਦੀ ਪੀੜਾ ਨੂੰ ਲੋਕ-ਗੀਤਾਂ ਵਾਂਗ ਬੜੀ ਸਰਲਤਾ ਨਾਲ ਬਿਆਨ ਕੀਤਾ ਹੈ। ਉਸਦੀ ਅਤ੍ਰਿਪਤ ਅੰਗਾਂ ਦੀ ਭੁੱਖ ਇਸ ਤਰ੍ਹਾਂ ਬਿਹਬਲ ਹੋ ਕੇ ਪੁਕਾਰ ਉਠਦੀ ਹੈ :–

''ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖ ਮਾਏ॥
ਹਰਿ ਬਿਨ ਨੀਂਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ॥''

ਸਾਵਣ ਤੇ ਭਾਦੋਂ ਦੋਵੇਂ ਹੀ ਮਹੀਨੇ ਬਰਸਾਤ ਦੇ ਮਹੀਨੇ ਗਿਣੇ ਜਾਂਦੇ ਹਨ। ਇਹ ਰੁੱਤ ਬੜੀ ਰੰਗੀਲੀ ਹੁੰਦੀ ਹੈ। ਕਾਲੀਆਂ-ਘਟਾਵਾਂ ਨੂੰ ਵੇਖ ਕੇ ਮੋਰ ਤੇ ਬਬੀਹੇ ਆਪਣਾ ਮਿੱਠਾ ਰਾਗ ਅਲਾਪਦੇ ਹਨ ਤੇ ਖੁਸ਼ੀ ਵਿੱਚ ਨੱਚਦੇ ਹਨ। ਕੁੜੀਆਂ ਲਈ ਇਹ ਮਹੀਨਾ ਤੀਆਂ ਦਾ ਤਿਓਹਾਰ ਲੈਕੇ ਆਉਂਦਾ ਹੈ। ਮੁਟਿਆਰਾਂ ਆਪਣੇ ਪੇਕੇ ਘਰ ਆਕੇ ਇਸ ਰੰਗੀਲੀ ਰੁੱਤ ਵਿੱਚ ਅਨੰਦ ਮਾਣਦੀਆਂ ਹਨ, ਨੱਚਦੀਆਂ ਟੱਪਦੀਆਂ ਤੇ ਪੀਘਾਂ ਝੂਟਦੀਆਂ ਹਨ। ਬਰਸਾਤ ਰੁੱਤ ਜੀਵ-ਜੰਤੂਆਂ ਲਈ ਖੁਸ਼ੀ ਦਾ ਸੁਨੇਹਾ ਲੈਕੇ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਤੁਖਾਰੀ-ਰਾਗ ਵਿੱਚ ਇਸ ਮਹੀਨੇ ਦੇ ਵਾਤਾਵਰਣ ਦਾ ਇਕ ਰੰਗੀਲਾ ਸ਼ਬਦ-ਚਿੱਤਰ ਖਿੱਚਦੇ ਹਨ। ਸਾਵਣ ਦੇ ਮਹੀਨੇ ਜੀਵ-ਇਸਤ੍ਰੀ ਜੋ ਕੁਝ ਵੀ ਮਹਿਸੂਸ ਕਰਦੀ ਹੈ ਉਹ ਇਸ ਸ਼ਬਦ ਨੂੰ ਪੜ੍ਹਕੇ ਸਾਡੇ ਦਿਮਾਗ਼ ਅੰਦਰ ਇੰਨ-ਬਿੰਨ ਘੁੰਮਣ ਲਗਦਾ ਹੈ :– ਗੁਰੂ ਜੀ ਨੇ ਸਾਵਣ ਮਹੀਨੇ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ :–

''ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ॥
ਪਿਰ ਘਰਿ ਨਹੀ ਆਵੈ ਮਰੀਐ ਹਾਵੈ, ਦਾਮਨਿ ਚਮਕਿ ਡਰਾਵੈ॥
ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੁਹਾਗਣ ਕੰਤੀ, ਪਿਰ ਕੈ ਅੰਕਿ ਸਮਾਵਏ॥''(ਪੰਨਾ ੧੧੦੮)

ਗੁਰੂ ਨਾਨਕ ਦੇਵ ਜੀ ਨੇ ਇਸ ਪਦੇ ਰਾਹੀਂ ਸਾਵਣ ਮਹੀਨੇ ਦੇ ਕੁਦਰਤੀ ਪ੍ਰਤੀਕਾਂ ਨਾਲ ਜੀਵ-ਇਸਤ੍ਰੀ ਦੇ ਮਨ ਵਿੱਚ ਪਤੀ-ਪ੍ਰਮਾਤਮਾਂ ਨਾਲ ਮਿਲਾਪ ਲਈ ਉਮਾਹ ਪੈਦਾ ਕੀਤਾ ਹੈ। ਜੇਠ ਹਾੜ ਦੀ ਤਪਸ਼ ਨਾਲ ਭੱਠ ਵਾਂਗ ਤਪੀ ਧਰਤੀ ਤੇ ਮੁਰਝਾਈ ਹੋਈ ਵਨਸਪਤੀ ਸਾਵਣ ਮਹੀਨੇ ਦੀ ਵਰਖਾ ਨਾਲ ਸੀਤਲਤਾ ਅਨੁਭਵ ਕਰਦੀ ਹੈ ਤੇ ਸਾਰੇ ਪਾਸੇ ਧਰਤੀ ਤੇ ਹਰਿਆਵਲ ਪਸਰ ਜਾਂਦੀ ਹੈ ਮਾਨੋਂ ਧਰਤੀ ਤੇ ਹਰੀ ਸ਼ਾਲ ਆਪਣੇ ਉਪਰ ਓੜ ਲਈ ਹੋਵੇ। ਗੁਰੂ ਜੀ ਦਾ ਅਨੁਭਵ ਹੈ ਕਿ ਇਸੇ ਤਰ੍ਹਾਂ ਹੀ ਵਿਕਾਰਾਂ ਰੂਪੀ ਤਪਸ਼ ਨਾਲ ਸੜਦੀ ਬਲਦੀ ਜੀਵ-ਆਤਮਾ ਜਦੋਂ ਪ੍ਰਭੂ ਨਾਮ ਦੀ ਅੰਮ੍ਰਿਤ-ਵਰਖਾ ਆਪਣੇ ਹਿਰਦੇ ਤੇ ਮਹਿਸੂਸ ਕਰਦੀ ਹੈ ਤਾਂ ਉਹ ਠੰਡੀ-ਠਾਰ ਹੋ ਜਾਂਦੀ ਹੈ।

ਗੁਰੂ ਜੀ ਉਪਦੇਸ਼ ਕਰਦੇ ਹਨ ਕਿ 'ਹੇ ਜੀਵ-ਆਤਮਾ ! ਜੇਕਰ ਸਾਵਣ ਦੇ ਮਹੀਨੇ ਵਰਖਾ ਹੋਣ ਨਾਲ ਧਰਤੀ ਦੀ ਤਪਸ਼ ਮਿਟ ਜਾਂਦੀ ਹੈ ਤੇ ਮੁਰਝਾਈ ਹੋਈ ਵਨਸਪਤੀ ਹਰੀ ਭਰੀ ਹੋ ਜਾਂਦੀ ਹੈ ਤਾਂ ਤੂੰ ਵੀ ਨਾਮ-ਬਾਣੀ ਨਾਲ ਪਿਆਰ ਕਰਕੇ ਆਪਣੇ ਮਨ ਦੀ ਤਪਸ਼ ਨੂੰ ਮਿਟਾ ਕੇ ਪ੍ਰਭੂ-ਪਤੀ ਨੂੰ ਪਾ ਸਕਦੀ ਹੈ। ਤੇ ਆਪਣੀ ਆਤਮਾਂ ਨੂੰ ਵਿਕਾਰਾਂ ਦੀ ਭੱਠੀ ਵਿੱਚੋਂ ਕੱਢ ਕੇ ਪ੍ਰਭੂ-ਮਿਲਾਪ ਰਾਹੀਂ ਠੰਡੀ-ਠਾਰ ਕਰ ਸਕਦੀ ਹੈ।''

ਜੀਵ-ਇਸਤ੍ਰੀ ਪ੍ਰਭੂ-ਪਤੀ ਦੇ ਵਿਛੋੜੇ ਵਿੱਚ ਤੜਫ਼ ਰਹੀ ਹੈ। ਉਸਦਾ ਮਨ ਤਨ ਪ੍ਰਭੂ-ਪਤੀ ਨੂੰ ਮਿਲਣ ਲਈ ਉਤਾਵਲਾ ਹੈ। ਜਿੰਨਾ ਚਿਰ ਪਤੀ-ਪ੍ਰਮਾਤਮਾ ਘਰ ਨਹੀਂ ਆਉਂਦਾ ਓਨੀ ਦੇਰ ਜੀਵ-ਆਤਮਾ ਬ੍ਰਿਹਾ ਦੀ ਅੱਗ ਵਿੱਚ ਸੜਦੀ ਹੈ ਤੇ ਜਿੰਦਗੀ ਹਉਕਿਆਂ ਹਾਵਿਆਂ ਵਿਚ ਗੁਜ਼ਾਰ ਦੇਂਦੀ ਹੈ। ਉਸਨੂੰ ਬਦਲਾਂ ਦੇ ਮਿਲਾਪ ਵਿਚੋਂ ਪੈਦਾ ਹੋਈ ਬਿਜਲੀ ਦੀ ਚਮਕ ਤੋਂ ਵੀ ਡਰ ਲੱਗਦਾ ਹੈ। ਉਸਨੂੰ ਪ੍ਰਭੂ-ਪਤੀ ਤੋਂ ਬਿਨਾਂ ਮਿਲਾਪ ਦੀ ਸੇਜ ਵੀ ਮੌਤ ਵਾਂਗ ਦੁਖਦਾਈ ਭਾਸਦੀ ਹੈ। ਅਖੀਰਲੀਆਂ ਦੋ ਪੰਕਤੀਆਂ ਵਿੱਚ ਗੁਰੂ ਜੀ ਜੀਵ-ਇਸਤ੍ਰੀ ਨੂੰ ਉਪਦੇਸ਼ ਕਰਦੇ ਹਨ ਕਿ ਜਿਸ ਤਰਾਂ ਪਤੀ ਤੋਂ ਬਿਨਾਂ ਪਤਨੀ ਸੁੱਖ ਨਹੀਂ ਮਾਣ ਸਕਦੀ ਇਸੇ ਤ੍ਰਾਂ ਪ੍ਰਭੂ ਦੇ ਪਿਆਰੇ ਪ੍ਰਭੂ-ਮਿਲਾਪ ਤੋਂ ਬਿਨਾਂ ਜੀਵਨ ਨੂੰ ਦੁਖਾਂ ਦੀ ਸੇਜ ਸੱਮਝਦੇ ਹਨ। ਪ੍ਰਭੂ-ਮਿਲਾਪ ਤੋਂ ਬਿਨਾ ਉਹਨਾਂ ਦੀਆਂ ਸਾਰੀਆਂ ਪਦਾਰਥਕ ਖਾਹਿਸ਼ਾਂ ਖਤਮ ਹੋ ਜਾਂਦੀਆਂ ਹਨ ਤੇ ਤਨ ਨੂੰ ਸ਼ਿੰਗਾਰਨ ਵਾਲੇ ਕਪੜੇ ਵੀ ਸਰੀਰ ਲਈ ਦੁਖ ਦਾ ਕਾਰਨ ਬਣ ਜਾਂਦੇ ਹਨੇ ਓਹੀ ਜੀਵ-ਇਸਤ੍ਰੀ ਪ੍ਰਭੂ-ਦਰ ਤੇ ਸੁਹਾਗਣ ਦਾ ਰੁਤਬਾ ਪਾ ਸਕਦੀ ਹੈ ਜੋ ਨਾਮ-ਰਸ ਪੀਕੇ ਪ੍ਰਭੂ ਨਾਲ ਏਕਜੋਤ ਹੋ ਗਈ ਹੋਵੇ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਸੇ ਵਿਸ਼ੇ ਦੇ ਭਾਵ ਨੂੰ ਮਾਝ ਰਾਗ ਵਿੱਚ ਵਿਅਕੱਤ ਕਰਦੇ ਹਨ।

''ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ॥''.............

..............................................................................................

..... ਨਾਨਕ ਹਰਿ ਜੀ ਮਇਆ ਕਰ ਸਬਦਿ ਸਵਾਰਣ ਹਾਰ॥

ਸਾਵਣ ਤਿਨਾ ਸੁਹਾਗਣੀ, ਜਿਨ ਰਾਮ ਨਾਮੁ ਉਰਿਹਾਰਿ॥ (ਪੰਨਾ ੧੩੪)

ਭਾਵ ਸਾਵਣ ਦੇ ਮਹੀਨੇ ਵਿੱਚ ਉਹੀ ਜੀਵ-ਇਸਤ੍ਰੀ ਖੇੜੇ ਨੂੰ ਮਾਣ ਸਕਦੀ ਹੈ ਜਿਸ ਨੂੰ ਨਾਮ ਬਾਣੀ ਨਾਲ ਪਿਆਰ ਹੈ। ਜੋ ਜੀਵ ਨਾਮ-ਬਾਣੀ ਨਾਲ ਜੁੜ ਸਕਦੇ ਜਾਂਦੇ ਹਨ ਉਹਨਾ ਨੂੰ ਸੰਸਾਰਕ ਸੁਖ ਨਾਸ਼ਮਾਨ ਦਿਸਣ ਲੱਗ ਪੈਂਦੇ ਹਨ ਉਹਨਾ ਨੂੰ ਨਾਮ-ਸਿਮਰਨ ਵਿੱਚੋਂ ਸੱਚਾ ਸੁੱਖ ਮਿਲਦਾ ਹੈ। ਉਹਨਾਂ ਲਈ ਸੰਸਾਰ ਮਿਥਿਆ ਹੈ। ਉਹ ਸੰਸਾਰਕ ਸੁਖਾਂ ਵਿੱਚ ਗਲਤਾਨ ਨਹੀਂ ਹੁੰਦੇ ਸਗੋਂ ਮੋਹ-ਮਾਇਆ ਤੋਂ ਉਪਰ ਉਠਕੇ ਸੱਚੇ ਪ੍ਰਭੂ ਦੇ ਪ੍ਰੇਮ ਵਿੱਚ ਲੀਨ ਹੋਣ ਲਈ ਉਪਰਾਲਾ ਕਰਦੇ ਹਨ।

ਜੀਵ-ਇਸਤ੍ਰੀ ਪ੍ਰਭੂ ਚਰਨਾ ਵਿੱਚ ਅਰਦਾਸ ਕਰਦੀ ਹੈ ਕਿ ''ਹੇ-ਪ੍ਰਭੂ ! ਮੇਰੇ ਤੇ ਕ੍ਰਿਪਾ ਦ੍ਰਿਸ਼ਟੀ ਕਰੋ ਤਾਂ ਜੋ ਮੇਰਾ ਜੀਵਨ ਮਨੋਰਥ ਸਫ਼ਲ ਹੋ ਜਾਵੇ ਤੇ ਮੈਂ ਪ੍ਰਭੂ-ਕੰਤ ਨੂੰ ਪਾਕੇ ਸਦਾ ਸਦਾ ਲਈ ਸੁਹਾਗਣ ਹੋ ਜਾਵਾਂ।

---

## *ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਮਰਯਾਦਾ*

*ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਨੂੰ ਗੁਰੂ ਘਰ ਵਿਚ ਇਕ ਵਿਸ਼ੇਸ਼ ਸਤਿਕਾਰ ਪ੍ਰਾਪਤ ਹੈ। ਮਰਯਾਦਾ ਅਨੁਸਾਰ ਹਰ ਐਰਾ ਗੈਰਾ ਸਜਣ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਨਹੀਂ ਕਰ ਸਕਦਾ । ਇਸ ਦੀ ਸਾਜਨਾ ਦਾ ਅਧਿਕਾਰ ਕੇਵਲ ਪੂਰੇ ਨਿਤਨੇਮੀ ਸਜਣ ਨੂੰ ਹੀ ਦਿਤਾ ਗਿਆ ਹੈ। ਸਿੰਘ ਹੋਣ ਦੀ ਸੂਰਤ ਵਿਚ ਇਸ ਨੂੰ ਤਿਆਰ ਕਰਨ ਦਾ ਅਧਿਕਾਰੀ ਅੰਮ੍ਰਿਤਧਾਰੀ ਤੇ ਪੂਰਨ ਰਹਿਤ-ਬਹਿਤ ਵਾਲੇ ਤਿਆਰ ਬਰ-ਤਿਆਰ ਸਜਣ ਨੂੰ ਹੀ ਹੈ। ਦੇਗ ਤਿਆਰੀ ਤੋਂ ਪਹਿਲਾਂ ਸਾਰੇ ਸਬੰਧਤ ਬਰਤਨ, ਚੌਕਾ, ਸਾਜਣ ਵਾਲੇ ਸਜਣ ਦੇ ਬਸਤਰ ਤੇ ਹੱਥ ਚੰਗੇ ਪਵਿਤਰ ਹੋਣੇ ਜ਼ਰੂਰੀ ਹਨ। ਜਿਤਨੀ ਦੇਰ ਦੇਗ ਤਿਆਰ ਹੁੰਦੀ ਰਹੇ, ਇਸ ਦੇ ਸਾਜਣ ਵਾਲੇ ਲਈ ਗੁਰਬਾਣੀ ਦਾ ਪਾਠ ਕਰਨਾ ਜ਼ਰੂਰੀ ਹੈ। ਦੇਗ ਵਰਤਾਉਣ ਵੇਲੇ ਵੀ ਪੂਰਨ ਸਤਿਕਾਰ ਦਾ ਖ਼ਿਆਲ ਰਖਿਆ ਜਾਂਦਾ ਹੈ ਅਤੇ ਦੇਗ ਵਰਤਾਉਣ ਵਾਲੇ ਦੇ ਪ੍ਰਾਪਤ ਕਰਨ ਵਾਲੇ ਦੇ ਮੂੰਹੋਂ ਅਭੋਲ ਹੀ 'ਵਾਹਿਗੁਰੂ' ਸ਼ਬਦ ਨਿਕਲ ਜਾਂਦਾ ਹੈ।*


www.AKJ.Org

# ਏਕੁ ਪਿਤਾ ਏਕਸ ਕੇ ਹਮ ਬਾਰਿਕ

ਵਾਹਿਗੁਰੂ ਸਾਡਾ ਸੱਚਾ ਪਿਤਾ ਹੈ ਤੇ ਅਸੀਂ ਸਾਰੇ ਉਸ ਦੇ ਬਾਲਕ। ਅਸਾਂ ਪ੍ਰਭੂ-ਪਿਤਾ ਪਾਸ ਇਉਂ ਪ੍ਰੇਮ-ਮਈ ਬੇਨਤੀਆਂ ਕਰਨੀਆਂ ਹਨ -

ਪ੍ਰਭੂ- ਪਿਤਾ ਜੀ। ਤੁਸੀ ਬਹੁਤ ਵਡੇ ਹੋ, ਤੇਰਾ ਦਰਬਾਰ ਬਹੁਤ ਉੱਚਾ ਹੈ। ਤੁਸੀਂ ਬੇਅੰਤ ਹੋ ਅਤੇ ਤੁਹਾਡੇ ਜਿਹਾ ਹੋਰ ਕੋਈ ਨਹੀਂ ।

ਪਿਤਾ ਜੀ, ਤੁਸੀ ਮਿਠਬੋਲੇ ਹੋ, ਅੰਮ੍ਰਿਤ ਦੇ ਘੁੱਟਾਂ ਵਾਂਗ ਮਿੱਠੇ। ਤੁਹਾਨੂੰ ਕੌੜਾ ਬੋਲਣ ਦੀ ਜਾਚ ਹੀ ਨਹੀਂ । ਤੁਸੀ ਸਾਡੇ ਔਗੁਣ ਵੇਖ ਕੇ ਵੀ ਬੇਅੰਤ ਦਾਤਾਂ ਦੇਈ ਜਾਂਦੇ ਹੋ ।

ਬਖ਼ਸ਼ਿੰਦ ਪਿਤਾ ਜੀ, ਅਸੀ ਬਾਲਕ ਅੰਞਾਣੇ ਹਾਂ, ਬੇਸਮਝ ਹਾਂ, ਚੰਚਲ ਹਾਂ, ਸੱਪ ਤੇ ਅੱਗ ਦੀ ਪਛਾਣ ਨਹੀਂ, ਨੀਵੇਂ ਹਾਂ, ਅਸੀਂ ਲੋਭੀ ਤੁਹਾਥੋਂ ਦਾਤਾਂ ਲੈ ਲੈ ਕੇ ਵੀ ਭੁਲ ਭੁਲੱ ਜਾਂਦੇ ਹਾਂ। -

ਕਿਰਪਾਲੂ ਪਿਤਾ ਜੀ, ਤੁਸੀਂ ਚੰਗੇ ਹੋ ਅਸੀਂ ਮੰਦੇ, ਤੁਸੀਂ ਗੁਣਾਂ ਵਾਲੇ ਹੋ ਅਸੀਂ ਔਗੁਣਿਆਰੇ, ਤੁਸੀਂ ਨਿਰਮਲ ਹੋ ਅਸੀਂ ਮੈਲ, ਤੁਸੀਂ ਸਦਾ ਭਲਿਆਈਆ ਕਰਦੇ ਹੋ ਪਰ ਅਸੀਂ ਤੁਹਾਡੀਆਂ ਭਲਿਆਈਆਂ ਨੂੰ ਜਾਣਦੇ ਨਹੀਂ। ਹੇ ਦਿਆਲੂ ਪਿਤਾ ਜੀ। ਅਸੀਂ ਖੋਟੇ ਹਾਂ, ਦਿਸਣ ਨੂੰ ਤਾਂ ਅਸੀਂ ਚੰਗੇ ਹਾਂ ਪਰ ਅਮਲ ਸਾਡੇ ਬੁਰੇ ਹਨ। ਪਿਤਾ ਜੀ, ਅਸੀਂ ਲਖਾਂ ਅਪਰਾਧ ਕਮਾਂਦੇ ਹਾਂ, ਪਰ ਤੁਸੀਂ ਝਿੜਕ-ਝੰਬ ਕੇ ਫਿਰ ਗਲ ਲਾ ਲੈਂਦੇ ਹੋ।

ਮਿਹਰਵਾਨ ਪਿਤਾ ਜੀਉ, ਤੁਸੀਂ ਹੀ ਮੇਰੇ ਮਾਤ-ਪਿਤਾ, ਮੇਰੇ ਸਖਾ-ਸਹਾਈ, ਮੇਰੀ ਜਿੰਦ-ਜਾਨ ਤੇ ਮੇਰੇ ਰਖਵਾਲੇ ਹੋ। ਤੁਸੀਂ ਮੇਰੀਆਂ ਭੁਲਾਂ ਨਾ ਤੱਕੋ, ਮੂਰਖ ਬੱਚੇ ਦੀਆਂ ਭੁਲਾਂ ਸਦਾ ਮਾਫ਼ ਕਰ ਦਿਓ ਅਤੇ ਮੈਂ ਅੰਞਾਣ ਨੂੰ ਸਦਾ ਮਤ ਦਿਓ। ਸੁਹਣੇ ਦਾਤਾ ਜੀਉ, ਤੁਹਾਡੇ ਬਿਨਾਂ ਮੇਰਾ ਹੋਰ ਕੌਣ ਹੈ।

ਰਖਵਾਲੇ ਪਿਤਾ ਜੀਉ, ਜੇ ਤੁਸੀਂ ਮੇਰੇ ਵਲ ਹੋਵੋ ਤਾਂ ਮੈਨੂੰ ਕਿਸੇ ਗੱਲ ਦੀ ਕਮੀ ਨਹੀਂ, ਮੈਨੂੰ ਕੋਈ ਦੁਖ ਨਹੀਂ, ਮੇਰਾ ਕੋਈ ਵੈਰੀ ਨਹੀਂ, ਸਗੋਂ ਤੁਹਾਡੇ ਪਿਆਰ ਕਰਕੇ ਮੈਂ ਸਦਾ ਸੁਖੀ ਹਾਂ।

ਬਖ਼ਸ਼ਿੰਦ ਪਿਤਾ ਜੀਉ, ਮੈਨੂੰ ਨਿਡਰਤਾ ਬਖ਼ਸ਼, ਸੂਰਬੀਰਤਾ ਬਖ਼ਸ਼, ਨੇਕੀ ਬਖ਼ਸ਼, ਨੇਕ ਬੰਦਿਆਂ ਦੀ ਸੰਗਤ ਬਖ਼ਸ਼, ਨਿੰਮਰਤਾ ਬਖ਼ਸ਼, ਪਾਣੀ ਢੋਣ ਤੇ ਪੱਖਾ ਝਲਣ ਦੀ ਸੇਵਾ ਬਖ਼ਸ਼, ਆਪਣੀ ਮਿਠੀ ਯਾਦ ਬਖ਼ਸ਼ ਅਤੇ ਹਰ ਦਮ ਮੇਰੇ ਅੰਦਰ ਵਸ ਕੇ ਮੇਰੀ ਅਗਵਾਈ ਕਰ।

ਮੇਰੀ ਬੇਨਤੀ ਹੈ ਪਿਤਾ ਜੀ, ਤੁਸੀਂ ਮੈਨੂੰ ਮਿਲੋ, ਤੇਰੇ ਬਿਨਾਂ ਇਹ ਜੀਵਨ ਕੁਝ ਨਹੀਂ। ਮੇਰੇ ਸੁਹਣੇ ਲਾਲਨ ਜੀਉ, ਮੈਂ ਤੈਥੋਂ ਵਿਛੜਿਆ ਹੋਇਆ ਹਾਂ। ਸਤਿਗੁਰੂ ਜੀ, ਮੈਂ ਵਿਛੜੇ ਹੋਏ ਨੂੰ ਮਿਲਾ ਲਓ। ਅੰਮ੍ਰਿਤ-ਨਾਮ ਪੀਣ ਦੀ ਜਾਚ ਦਸੋ ਤਾਂ ਜੁ ਮੇਰੀਆਂ ਭੁੱਖਾਂ ਮਿਟਣ। ਧਨ-ਪਦਾਰਥ ਤੇ ਰੂਪ-ਰੰਗ ਵਿਚ ਹਰਿ-ਨਾਮ ਪ੍ਰੀਤ ਬਣੇ ਤੇ ਬਾਕੀ ਸਭ ਸੁਆਦ ਫਿਕੇ ਫਿਕੇ ਜਾਪਣ।

ਮੇਰੇ ਸਾਹਿਬ ਪਿਤਾ ਜੀਉ, ਤੁਸੀਂ ਹਰ ਮੁਸ਼ਕਲ ਵਿਚ ਮੇਰੇ ਸਹਾਈ ਬਣੋ। ਮੇਰੇ ਗੋਬਿੰਦ ਜੀਉ, ਤੇਰਾ ਨਾਮ ਹੀ ਸਭ ਦੁਖਾਂ ਦਾ ਦਾਰੂ ਹੈ। ਤਾਂ ਤੇ -

ਮਨ ਤਨ ਅੰਤਰਿ ਵਸੁ, ਦੂਖਾ ਨਾਸ ਹੋਇ॥
ਹਥ ਦੇਇ ਆਪਿ ਰਖ, ਵਿਆਪੈ ਭਉ ਨ ਕੋਇ॥

ਸਤਿਗੁਰੂ ਪਿਤਾ ਮਿਹਰ ਕਰਨ, ਇਹ ਬੇਨਤੀਆਂ ਸਾਡੇ ਅੰਦਰ ਵਸਣ ਅਤੇ ਅਸੀਂ ਜੀਵਨ ਨੂੰ ਸਹੀ ਰਾਹ ਤੇ ਤੋਰ ਸਕੀਏ।

---

'ਸੂਰਾ' ਮਾਸਿਕ ਪੱਤਰ ਲਈ ਚੰਦੇ ਅਤੇ ਹੋਰ ਰਕਮਾਂ ਆਪ ਲੁਧਿਆਣੇ ਵਿਖੇ ਹੇਠਾਂ ਦਿੱਤੇ ਪਤੇ ਤੇ ਵੀ ਜਮ੍ਹਾਂ ਕਰਵਾ ਸਕਦੇ ਹੋ।
ਭਾਈ ਭੁਪਿੰਦਰ ਸਿੰਘ ਜੀ, ਪਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ ਚੌਂਕ ਲੁਧਿਆਣਾ। ਟੈਲੀਫੋਨ-730604
ਨੋਟ :- ਵੱਖ ਵੱਖ ਸ਼ਹਿਰਾਂ ਵਿਚ ਸੂਰਾ ਪੱਤਰ ਦੇ ਚੰਦੇ ਬੁੱਕ ਕਰਨ ਲਈ ਇਛੱਕ ਸੱਜਣ 'ਸੂਰਾ' ਦਫ਼ਤਰ ਨਾਲ ਸੰਪਰਕ ਕਰੋ ਜੀ ਤਾਂ ਕਿ ਉਹਨਾਂ ਸਬੰਧੀ ਸੂਚਨਾ 'ਸੂਰਾ' ਵਿਚ ਛਾਪੀ ਜਾ ਸਕੇ। ਟੈਲੀਫੋਨ ਸੂਰਾ ਦਫ਼ਤਰ 0161-428194



www.AKJ.Org

# ਗੁਰਬਾਣੀ ਸ਼ੁੱਧ ਉਚਾਰਨ

(ਮਾਲਿਕ ਸਿੰਘ ਮੈਗਨੇਟਥਰੈਪਿਸਟ ਮੋਹਾਲੀ)

ਸਿਰਲੇਖ :– ਲਾਜ, ਲਾਜੁ, ਲਜ ਅਤੇ ਲਜੁ

ਲਾਜ ਅਤੇ ਲਾਜੁ ਦੇ ਸਬਦਾਂ ਵਿੱਚ ਕੇਵਲ ਜੱਜੇ ਦੇ ਥੱਲੇ ਔਂਕੜ ਦਾ ਫਰਕ ਹੈ। ਭਾਵੇਂ ਇਹਨਾਂ ਦੋਨੋਂ ਦਾ ਉਚਾਰਨ ਇਕ ਸਮਾਨ ਹੀ ਹੈ ਪ੍ਰ ਦੋਨੋਂ ਹੀ ਸਬਦਾਂ ਦਾ ਅਰਥ ਬਿਲਕੁਲ ਵੱਖਰਾ ਵੱਖਰਾ ਹੈ। ਇਸੇ ਪ੍ਰਕਾਰ ਲਜ ਅਤੇ ਲਜੁ ਸਬਦਾਂ ਦਾ ਉਚਾਰਨ ਭਾਵੇਂ ਇਕੋ ਜੇਹਾ ਹੀ ਹੈ ਪਰ ਅਰਥ ਦੋਨੋਂ ਦੇ ਬਿਲਕੁਲ ਵਖਰੇ ਵਖਰੇ ਹਨ। ਜਜਾ ਮੁਕਤਾ ਜਾਂ ਔਂਕੜ ਸਹਿਤ ਹੋਣ ਤੇ ਇਹਨਾਂ ਸਬਦਾਂ ਤੇ ਵਿਆਕਰਣ ਦਾ ਇਕ ਬਚਨ ਜਾਂ ਬਹੁ ਬਚਨ (Singular ਜਾਂ Plural) ਦਾ ਨਿਯਮ ਲਾਗੂ ਨਹੀਂ ਹੁੰਦਾ।

1. ਲਾਜ

ਅਰਥ :- ਸਤਿਗੁਰੂ ਦੀ ਬਾਣੀ ਚਾਹੇ ਅਪਨੀ ਉਚਾਰਨ ਕੀਤੀ ਹੋਈ ਹੈ ਚਾਹੇ ਭਗਤਾਂ ਜਾਂ ਹੋਰ ਮਹਾਪੁਰਸ਼ਾਂ ਦੀ ਹੈ, ਇਸ ਨੂੰ ਗਹੁ ਨਾਲ ਪੜਿਆ ਜਾਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਥੇ ਕਿਥੇ ਭੀ ਲਾਜ (ਜੱਜਾ ਮੁਕਤਾ) ਸਬਦ ਵਰਤਿਆ ਹੈ। ਉਸ ਦਾ ਸਭ ਜਗਾਹ ਤੇ ਇਕ ਸਮਾਨ ਅਰਥ ਹੈ ਪਤਿ, ਇਜ਼ਤ, ਮਾਨ ਪ੍ਰਤਿਸ਼ਟਤਾਂ ਸ਼ਰਮ, ਪੈਜ ... ਆਦਿ। ਕੁਝ ਗੁਰ ਪ੍ਰਮਾਣਾਂ ਦੇ ਦਰਸ਼ਨ :–

(1) ਅਭਾਗੇ ਤੈ ਲਾਜ ਨਾਹੀ ॥ ਪੰਨਾ ੪੭੨

(੨) ਹਰਿ ਜੀ ਲਾਜ ਰਾਖਹੁ ਹਰਿ ਜਨ ਕੀ ॥ ਪੰਨਾ੬੬8

(3) ਦਾਸ ਅਪੁਨੇ ਕੀ ਰਾਖਹੁ ਲਾਜ ॥ ਪੰਨਾ 736

(4) ਮਨੁ ਤਨੁ ਅਰਪਿ ਤਜਿ ਲਾਜ ਲੁਕਾਨੀ ॥ ਪੰਨਾ 737

(5) ਪ੍ਰਭ ਜੂ ਤੋ ਕਹ ਲਾਜ ਹਮਾਰੀ ॥ ਪ: ੧੦ (ਸਬਦ ਹਜ਼ਾਰੇ)

(6) ਜੇ ਦੂਜੇ ਪਾਸੋ ਮੰਗੀਐ ਤਾ ਲਾਜ ਮਰਾਈਐ ॥ ਪੰਨਾ 590

(7) ਗੁਰ ਕਾ ਸਬਦੁ ਭਇਓ ਸਾਖੀ ਤਿਨਿ ਸਗਲੀ ਲਾਜ ਰਾਖੀ॥ ਪੰਨਾ 6੨3

(8) ਨਾਨਕ ਲਾਜ ਬਿਰਦ ਕੀ ਰਾਖਹੁ ਨਾਮ ਤੁਹਾਰਉ ਲੀਨਉ ॥ ਪੰਨਾ 633

(੭) ਜਨ ਨਾਨਕੁ ਹਰਿ ਕਾ ਦਾਸੁ ਹੈ ਕਰਿ ਕਿਰਪਾ ਲਾਜ ਰਖਾਈਐ॥ ਪੰਨਾ 590

ਇਹ ਭੀ ਨੋਟ ਕਰਨ ਵਾਲੀ ਗਲ ਹੈ ਕਿ ਸਮਗ੍ਰ ਗੁਰਬਾਣੀ ਅੰਦਰ ਬਹੁਤ ਵਰਤੋਂ ਲਾਜ (ਜੱਜਾ ਮੁਕਤਾ) ਦੀ ਕੀਤੀ ਗਈ ਹੀ ਮਿਲਦੀ ਹੈ। ਤੇ ਸਭ ਜਗਾਹ ਤੋਂ ਉਪਰੋਕਤ ਅਰਥ ਹੀ ਬਣਦੇ ਹਨ।

੨. ਲਾਜੁ (ਜੱਜਾ ਔਂਕੁੜ ਸਹਿਤ)

ਅਰਥ :– ਜਿਥੇ ਕਿਥੇ ਭੀ ਸਾਰੀ ਗੁਰਬਾਣੀ ਅੰਦਰ ਲਾਜੁ (ਜੱਜਾ ਔਂਕੁੜ ਸਹਿਤ) ਸ਼ਬਦ ਆਇਆ ਹੈ ਉਥੇ ਉਥੇ ਹੀ ਇਸ ਦਾ ਅਰਥ ਰੱਸੀ, ਡੋਰੀ, ਨਾਲ ਹੈ। ਇਹ ਪੱਕਾ ਨਿਯਮ ਦੇਖਿਆ ਜਾ ਸਕਦਾ ਹੈ। ਆਮ ਜੋ ਵਿਆਕਰਣ ਦਾ ਇਹ ਨਿਯਮ ਹੈ ਕਿ ਅੰਤਲੇ ਅੱਖਰ ਦੇ ਪੈਰਾ ਵਿੱਚ ਲਗੀ ਔਂਕੜ ਇਕ ਬਚਨ (Singular) ਦਾ ਅਰਥ ਦੇਂਦੀ ਹੈ ਅਤੇ ਮੁਕਤਾ ਬਹੁ ਬਚਨ (plural) ਦਾ ਲਖਾਇਕ ਹੈ ਉਹ ਇਸ ਸ਼ਬਦ ਤੇ ਲਾਗੂ ਨਹੀਂ ਹੁੰਦਾ। ਇਹ ਗੁਰਬਾਣੀ ਦਾ ਅਪਨਾ ਹੀ ਵਿਲੱਖਣ ਨਿਯਮ ਹੈ ਜੋ ਹੋਰ ਕਿਸੇ ਭੀ ਭਾਸ਼ਾ ਵਿੱਚ ਨਹੀ ਮਿਲਦਾ ਹੈ। ਇਹ ਗੁਰਬਾਣੀ ਦੀ ਅਪਨੀ ਹੀ ਮਹਾਨਤਾ, ਵਿਸ਼ੇਸਤਾ, ਨਿਰਾਲਾਪਨ, ਵਿਲਖਣਤਾ ਹੈ ਕਿ ਕੇਵਲ ਅੰਤਲੇ ਅੱਖਰ ਦੇ ਹੇਠਾਂ ਔਂਕੜ ਲਗਾ ਕੇ ਜਾਂ ਮੁਕਤਾ ਰਖ ਕੇ ਉਸ ਸ਼ਬਦ ਦੇ ਬਿਲਕੁਲ ਹੋਰ ਦੇ ਹੋਰ ਹੀ ਅਰਥਾਂ ਵਿੱਚ ਵਰਤਿਆ ਗਇਆ ਹੈ। ਐਸੇ ਹੋਰ ਭੀ ਅਨਗਿਣਤ ਸ਼ਬਦ ਹਨ ਜਿਹਨਾਂ ਨੂੰ ਮੁਕਤਾ ਜਾ ਔਂਕੜ ਲਗਾ ਕੇ (plural) ਬਹੁਬਚਨ ਜਾ ਇਕ ਬਚਨ (Singular) ਵਾਲੇ ਵਿਆਕਰਣੀ ਨਿਯਮ ਤੋਂ ਬਾਹਰ ਰਖਿਆ ਗਿਆ ਹੈ।

ਗੁਰ ਪ੍ਰਮਾਣ — (1) ਕੂਅਟਾ ਏਕੁ ਪੰਚ ਪਨਿਹਾਰੀ ਟੂਟੀ ਲਾਜੁ ਭਰੈ ਮਹਿਤਾਰੀ॥ ਪੰਨਾ 3੨5

(ਸਵਾਸਾਂ ਰੂਪੀ ਰੱਸੀ)



www.AKJ.Org

(੨) ਆਵ ਘਟੈ ਨਰੁ ਨ ਬੂਝੈ ਨਿਤਿ ਮੂਸਾ ਲਾਜੁ ਟੁਕਾਈ॥ ਪੰਨਾ 41
(3) ਅਨਦਿਨੁ ਮੂਸਾ ਲਾਜੁ ਟੁਕਾਈ ॥ ਗਿਰਤ ਕੂਪ ਮਹਿ ਖਾਇ ਮਿਠਾਈ ॥ ਪੰਨਾ 390
ਨੋਟ :- ਉਪਰੋਕਤ ਪੰਕਤੀਆ ਵਿੱਚ ਲਾਜੁ ਦੇ ਅਰਥ ਹਨ ਸਵਾਸਾ ਰੂਪੀ ਰੱਸੀ ਨੂੰ ਮੌਤ ਰੂਪੀ ਚੂਹਾ ਟੁੱਕ ਰਿਹਾ ਹੈ॥

3. ਲਜ (ਜੱਜਾ ਮੁਕਤਾ)

ਅਰਥ :- ਲਾਜ (ਮੁਕਤਾ) ਵਾਲੇ ਹੀ ਹਨ।
ਗੁਰਪ੍ਰਮਾਣ :- 1.ਜਨ ਨਾਨਕ ਕੀ ਲਜ ਪਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੈ ॥ ਪੰਨਾ 172॥
੨. ਏਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਜ॥ ਪੰਨਾ 1288
3. ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ। ।ਪੰਨਾ 986
4. ਨਾਨਕ ਸਚੇ ਨਾਮ ਬਿਣੁ ਕਿਨੈ ਨ ਰਹੀਆ ਲਜ ॥ ਪੰਨਾ 519

4. ਲਜੁ (ਜਜਾ ਔਕੜ ਸਹਿਤ)

ਅਰਥ :- ਲਾਜੁ (ਜੱਜਾ ਔਕੁੜ ਵਾਲੇ) ਵਾਲੇ ਹੀ ਹਨ। ਭਾਵ ਰੱਸੀ
ਗੁਰਪ੍ਰਮਾਣ : (1) ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ॥
(ਸਵਾਸਾਂ ਰੂਪੀ ਰੱਸੀ, ਮੌਤ ਰੂਪੀ ਚੂਹਾ ਟੁਕ ਰਿਹਾ ਹੈ) ਪੰਨਾ 156
(੨) ਫਰੀਦਾ ਭੰਨੀ ਘੜੀ ਸਵਨਵੀ ਟੁਟੀ ਨਾਗਰ ਲਜੁ॥ ਪੰਨਾ 1381
ਜੋ ਤੂੰ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥ ਬਿਲਾਵਲੁ ਮ: ੧)

ਸੋ ਇਸ ਪ੍ਰਕਾਰ ਗੁਰਬਾਣੀ ਵਿਚ ਆਏ ਉਪਰੋਕਤ ਸ਼ਬਦਾਂ ਵਿਚ ਜ ਮੁਕਤਾ ਤੇ ਜੁ ਔਕੜ ਸਹਿਤ ਦੇ ਅਰਥ ਬਿਲਕੁਲ ਭਿੰਨ ਹਨ। ਸਾਨੂੰ ਗੁਰਬਾਣੀ ਪਾਠ ਕਰਦਿਆਂ ਹੋਇਆ ਇਹਨਾਂ ਗੱਲਾਂ ਨੂੰ ਧਿਆਨ ਗੋਚਰੇ ਕਰਕੇ ਹੀ ਬਾਣੀ ਦੇ ਅਰਥਾਂ ਵੱਲ ਸੁਰਤੀ ਟਿਕਾਉਣੀ ਚਾਹੀਦੀ ਹੈ। • • • •

(ਪੰਨਾ ੧੫ ਦਾ ਬਾਕੀ ....)

ਸਫਲ ਨਹੀਂ ਹੋ ਰਹੀ। ਇਸ ਨਿਰਾਸਤਾ ਭਰੀ ਸੰਸਾਰ-ਬਿਰਤੀ ਵਿਚ ਗੁਰੂ ਨਾਨਕ ਦੇਵ ਜੀ ਦਾ ਸਰਬ-ਸਾਂਝਾ ਤੇ ਸੁਲਾਹਕੁਲ ਉਪਦੇਸ਼, ਤਪਤ ਹਿਰਦਿਆਂ ਨੂੰ ਸ਼ਾਂਤ ਕਰ ਸਕਦਾ ਹੈ, ਜੇ ਜੀਵ ਅਕਾਲ ਪੁਰਖ ਦੀ ਟੇਕ ਪਕੜ ਕੇ ਗੁਰ-ਸ਼ਬਦ ਦੀ ਕਮਾਈ ਵਿਚ ਲਗ ਜਾਣ। ਸਭ ਤੋਂ ਵਧੀਕ ਲੋੜ ਸਿਖਾਂ ਨੂੰ ਹੈ ਕਿ ਉਹ ਈਸ਼ਵਰ ਪ੍ਰਾਇਣ ਹੋ ਕੇ ਆਮ ਲੋਕਾਂ ਦੀ ਚਾਲੇ ਚਲਣ ਦੀ ਥਾਂ ਆਪਣੀ ਸੋਧ ਕਰਨ। ਗੁਰਬਾਣੀ ਤਾਂ ਉੱਚੀ ਸੁਰ ਵਿਚ ਦਸ ਰਹੀ ਹੈ ਕਿ -

ਸੰਚਿ ਹਰਿ ਧਨੁ, ਪੂਜਿ ਸਤਿਗੁਰੁ, ਛੋਡਿ ਸਗਲ ਵਿਕਾਰ॥

ਹਰੇਕ ਸਿਖ ਦਾ ਫ਼ਰਜ ਹੈ ਕਿ ਉਹ ਆਪਣੀ ਆਤਮਾ ਦਾ ਸੰਬੰਧ ਜਾਗਦੀ ਜੋਤ ਨਾਲ ਜੋੜ ਕੇ ਆਪਣੀ ਦ੍ਰਿਸ਼ਟੀ ਨੂੰ ਬ੍ਰਹਿਮੰਡੀ ਬਣਾਵੇ। ਆਪਣੇ ਅੰਦਰੋਂ ਹਉਮੈ ਨੂੰ ਕਢ ਕੇ, ਪ੍ਰਾਣੀ ਮਾਤਰ ਦੀ ਸੇਵਾ ਲਈ ਤਤਪਰ ਹੋਵੇ। ਇਸੇ ਤਰ੍ਹਾਂ ਹੀ ਇਕ ਇਕ ਸ਼ਖ਼ਸੀਅਤ ਵਿਕਸਤ ਹੋ ਸਕਦੀ ਹੈ ਤੇ ਕੇਵਲ ਇਸੇ ਤਰ੍ਹਾਂ ਹੀ ਸੰਸਾਰ ਦੇ ਸਮੂੰਹਾਂ ਅੰਦਰ ਸ਼ਾਂਤੀ ਵਰਤ ਸਕਦੀ ਹੈ। ਗੁਰੂ ਨਾਨਕ, ਦੈਵੀ ਮੰਡਲਾਂ ਵਿਚੋਂ ਕਿਵੇਂ ਰੱਬੀ ਸੱਦ ਸੁਣਾ ਰਿਹਾ ਹੈ ਕਿੰਨਾ ਪਿਆਰ ਤੇ ਦਇਆ ਭਾਵ ਹੈ ਇਸ ਗੁਰੂ-ਹਿਰਦੇ ਵਿਚ-

ਸੁਣਿ ਮਨ ਮਿਤ੍ਰ ਪਿਆਰਿਆ, ਮਿਲੁ ਵੇਲਾ ਹੈ ਏਹ॥
ਜਬ ਲਗੁ ਜੋਬਨਿ ਸਾਸੁ ਹੈ, ਤਬ ਲਗੁ ਇਹੁ ਤਨੁ ਦੇਹ॥
ਬਿਨੁ ਗੁਣ ਕਾਮਿ ਨ ਆਵਈ, ਢਹਿ ਢੇਰੀ ਤਨੁ ਖੇਹ॥
ਮੇਰੇ ਮਨ, ਲੈ ਲਾਹਾ ਘਰਿ ਜਾਹਿ॥ ਗੁਰਮੁਖਿ ਨਾਮੁ ਸਲਾਹੀਐ, ਹਉਮੈ ਨਿਵਰੀ ਭਾਹਿ॥

— — — — —


www.AKJ.Org

# ਉਪਰੇਸ਼ਨ ਵਾਲੀ ਜਗ੍ਹਾ ਤੋਂ ਵਾਲ ਕੱਟਣੇ ਜ਼ਰੂਰੀ ਨਹੀਂ

ਪ੍ਰੋਫੈਸਰ ਉਜਾਗਰ ਸਿੰਘ (ਡਾ:)

M.S. F.A.I.S. F.A.M.S. F.I.C.S. F.A.C.S.

ਜਦੋਂ ਦੀ ਨਵੀਨ ਸਰਜਰੀ ਦੀ ਕਲਾ ਪਿਛਲੀ ਸਦੀ ਤੋਂ ਸ਼ੁਰੂ ਹੋਈ ਹੈ, ਉਪਰੇਸ਼ਨ ਵਾਲੀ ਥਾਂ ਨੂੰ ਵਾਲ-ਰਹਿਤ ਕਰਨਾ ਇਕ ਜ਼ਰੂਰੀ ਕਦਮ ਸਮਝਿਆ ਗਿਆ ਹੈ ਹਾਲਾਂ ਕਿ ਮੈਡੀਕਲ ਲਿਟਰੇਚਰ ਤੋਂ ਇਹ ਪੱਕਾ ਪਤਾ ਨਹੀਂ ਲਗ ਰਿਹਾ ਕਿ ਇਹ ਰਿਵਾਜ਼ ਕਦੋਂ ਤੇ ਕਿਸ ਨੇ ਸ਼ੁਰੂ ਕੀਤਾ।

ਆਮ ਤੌਰ 'ਤੇ ਅੱਗੇ ਲਿਖੇ ਕਾਰਨਾਂ ਕਰਕੇ ਸ਼ੇਵਿੰਗ ਕੀਤੀ ਜਾਂਦੀ ਹੈ :

੧) ਸਰਜਨ ਨੂੰ ਵਾਲਾਂ ਦੇ ਵਿਚ ਦੀ ਉਪਰੇਸ਼ਨ ਕਰਨਾ ਦੇਖਣ ਨੂੰ ਕੁਝ ਚੰਗਾ ਨਹੀਂ ਲਗਦਾ।

੨) ਉਪਰੇਸ਼ਨ ਦੌਰਾਨ ਵਾਲ ਜ਼ਖ਼ਮ ਵਿਚ ਡਿੱਗ ਸਕਦੇ ਹਨ।

੩) ਜ਼ਖ਼ਮ ਨੂੰ ਸੀਣ ਸਮੇਂ ਵਾਲ ਟੰਕਿਆਂ ਵਿਚ ਫਸ ਸਕਦੇ ਹਨ।

੪) ਵਾਲਾਂ ਦੇ ਵਿਚ ਚੀਰਾ ਦੇਣ ਦੀ ਜਗ੍ਹਾ ਦਾ ਸਹੀ ਪਤਾ ਨਹੀਂ ਲੱਗ ਸਕੇਗਾ।

੫)ਵਾਲ ਸਾਫ਼ ਕਰ ਦੇਣ ਨਾਲ ਜ਼ਖ਼ਮ ਵਿਚ ਪਾਕ ਨਹੀਂ ਪਵੇਗੀ।

੬) ਜ਼ਖ਼ਮ ਰਾਜ਼ੀ ਹੋਣ ਤੋਂ ਬਾਦ ਕੋਈ ਨਸੂਰ ਜਾਂ ਫੋੜਾ ਨਹੀਂ ਬਣ ਸਕੇਗਾ।

ਇਸ ਸਦੀ ਦੇ ਸੱਤਰਵਿਆਂ ਦੇ ਸ਼ੁਰੂ ਵਿਚ ਕੁਝ ਸਰਜਨਾਂ (ਸਰੋਪੀਅਨ ਤੇ ਸਾਥੀ) ਨੇ ਇਹ ਦੇਖਿਆ ਕਿ ਉਪਰੇਸ਼ਨ ਤੋਂ ਪਹਿਲਾਂ ਉਸਤਰੇ ਨਾਲ ਵਾਲ ਸਾਫ ਕਰਨ ਨਾਂਲ ਜ਼ਖ਼ਮ ਸਗੋਂ ਜ਼ਿਆਦਾ ਪਕਦੇ ਹਨ ਕਿਉਂਕਿ ਵਾਲ ਸਾਫ ਕਰਨ ਵੇਲੇ ਉਸਤਰਾ ਚਮੜੀ ਉਤੇ ਛੋਟੀਆਂ-ਛੋਟੀਆਂ ਝਰੀਟਾਂ ਜਾਂ ਜ਼ਖ਼ਮ ਕਰ ਦੇਂਦਾ ਹੈ, ਜਿਥੇ ਚਮੜੀ ਦੇ ਆਮ ਜਰਮ ਵਧਣ ਫੁਲਣ ਲੱਗ ਜਾਂਦੇ ਹਨ ਤੇ ਫਿਰ ਉਪਰੇਸ਼ਨ ਦੇ ਚੀਰੇ ਵਿਚ ਵੜ ਕੇ ਜ਼ਿਆਦਾ ਪਾਕ ਪੈਦਾ ਕਰਦੇ ਹਨ। ਇਹ ਖ਼ਿਆਲ ਹੋਰ ਵੀ ਪੱਕਾ ਹੋ ਗਿਆ, ਜਦ ਇਹ ਦੇਖਿਆ ਗਿਆ ਕਿ ਇਸਤਰੀਆਂ ਦੇ ਉਪਰੇਸ਼ਨ, ਜਿਥੇ ਵਾਲ ਨਹੀਂ ਸਨ ਅਤੇ ਸ਼ੇਵ ਨਹੀਂ ਕੀਤੀ ਗਈ ਸੀ, ਆਮ ਨਾਲੋਂ ਘੱਟ ਖਰਾਬ ਹੋਏ। ਇਸ ਤੋਂ ਪਿਛੋਂ ਹੋਰ ਵੀ ਦਿਲਚਸਪ ਗੱਲ ਸਾਹਮਣੇ ਆਈ ਕਿ ਸ਼ੇਵ ਜਿੰਨਾ ਜ਼ਿਆਦਾ ਚਿਰ ਪਹਿਲਾਂ ਕੀਤੀ ਜਾਵੇ, ਉਤਨਾ ਜ਼ਖ਼ਮ ਖਰਾਬ ਹੁੰਦੇ ਹਨ ਜਿਵੇਂ ਕਿ ੨੪ ਘੰਟੇ ਤੋਂ ਪਹਿਲਾਂ ਸ਼ੇਵ ਕੀਤੇ ਗਏ ਮਰੀਜਾਂ ਵਿਚ ੨੦% ਜ਼ਖ਼ਮ ਖਰਾਬ ਹੋਏ ਤੇ ਬੇਸੁਰਤ ਤੋਂ ਬਾਅਦ ਉਪਰੇਸ਼ਨ ਟੇਬਲ 'ਤੇ ਸ਼ੇਵ ਕਰਨ ਨਾਲ ਸਿਰਫ ੩% ਹੀ ਖਰਾਬ ਹੋਏ। ਇਸ ਤੋਂ ਇਹ ਸਾਫ ਹੋ ਗਿਆ ਕਿ ਜਰਮਾਂ ਨੂੰ ਉਸਤਰੇ ਦੇ ਜ਼ਖ਼ਮਾਂ ਵਿਚ ਵਧਣ ਦਾ ਵਕਤ ਘੱਟ ਮਿਲਣ ਨਾਲ ਉਹ ਘੱਟ ਖਰਾਬੀ ਕਰਦੇ ਹਨ (ਪੋਵਲ ਤੇ ਸਾਥੀ ੧੯੭੬)

ਇਸ ਤੋਂ ਅਗੇ ਕੋਰਟ ਬਰਾਊਨ (੧੯੮੧) ਨੇ ਇਹ ਸਿੱਧ ਕੀਤਾ ਕਿ ਉਸਤਰੇ ਨਾਲ ਹਟਾਏ ਜਾਣ ਤਾਂ ਸਿਰਫ 0.੬% ਜ਼ਖ਼ਮ ਹੀ ਖਰਾਬ ਹੁੰਦੇ ਹਨ।

ਪਰ ਇਹ ਸਭ ਜਾਣਦੇ ਹੋਏ ਵੀ ਆਮ ਤੌਰ 'ਤੇ ਸਰਜਨਾਂ ਨੇ ਵਾਲ ਸਾਫ ਕਰਨ ਤੇ ਰਿਵਾਜ਼ ਨੂੰ ਬੰਦ ਕਰਨ ਦਾ ਹੌਂਸਲਾ ਹੀ ਨਹੀਂ ਕੀਤਾ। ੧੯੮੫ ਦੇ ਸ਼ੁਰੂ ਵਿਚ ਮੇਰੇ ਨਾਲ ਇਕ ਦਿਲਚਸਪ ਘਟਨਾ ਹੋਈ ਜਦੋਂ ਕਿ ਇਕ ਭਾਈ ਕਾਹਲਾ ਸਿੰਘ ਗੁਰਦੁਆਰਾ ਜੋਤੀ ਸਰੂਪ ਜੰਡਿਆਲਾ ਗੁਰੂ ਵਾਲੇ ਹਰਨੀਆਂ ਦਾ ਉਪਰੇਸ਼ਨ ਕਰਾਉਣ ਆਏ ਤੇ ਉਨ੍ਹਾਂ ਕਿਹਾ ਕਿ "ਸਾਡੇ ਵਾਲ ਨਹੀਂ ਉਤਾਰਨੇ ਤੇ ਉਪਰੇਸ਼ਨ ਇਸ ਤਰ੍ਹਾਂ ਹੀ ਕਰੋ, ਕੁਝ ਨਹੀਂ ਹੋਵੇਗਾ।" ਮੈਂ ਇਸ ਤਰ੍ਹਾਂ ਹੀ ਕੀਤਾ ਤੇ ਜ਼ਖ਼ਮ ਬਹੁਤ ਹੀ ਸਹੀ ਤੇ ਸਾਫ ਰਾਜ਼ੀ ਹੋਇਆ।

ਪਰ ਫਿਰ ਵੀ ਸ਼ੇਵ ਕਰਨ ਦੀ ਪ੍ਰਥਾ ਚਾਲੂ ਹੀ ਰਹੀ। ਸਿਰਫ ਕਦੇ-ਕਦੇ ਕੁਝ ਅੰਮ੍ਰਿਤਧਾਰੀ ਸਿੰਘਾਂ ਦੇ ਜ਼ਿਦ ਕਰਨ 'ਤੇ ਉਸ ਤਰ੍ਹਾਂ ਹੀ ਭਾਵ ਬਿਨਾਂ ਵਾਲ ਕਟਣ ਦੇ ਉਪਰੇਸ਼ਨ ਕੀਤੇ ਗਏ ਜੋ ਕਿ ਬਿਲਕੁਲ ਠੀਕ ਹੋਏ। ਅੰਮ੍ਰਿਤਸਰ ਵਿਚ ਸਿੱਖ ਆਬਾਦੀ ਨੂੰ ਦੇਖਦੇ ਹੋਏ ਅਤੇ ਉਪਰਲੇ ਖਿਆਲਾਂ ਨੂੰ ਵਿਚਾਰਨ ਤੋਂ ਬਾਅਦ ੧੯੯੪ ਵਿਚ ਇਹ ਫੈਸਲਾ ਕੀਤਾ ਗਿਆ ਕਿ "ਕਿਉਂ ਨਾ ਸਾਇੰਸ ਦੇ ਆਧਾਰ ਤੇ ਇਕ ਐਸੀ ਰੀਸਰਚ ਸਟੱਡੀ ਕੀਤੀ ਜਾਵੇ ਜਿਸ ਨਾਲ ਇਹ ਪਤਾ ਲੱਗ ਸਕੇ ਕਿ ਵਾਲ ਸਾਫ ਕਰਨਾ ਜ਼ਰੂਰੀ ਹੈ ਜਾਂ ਨਹੀਂ ?" ਇਹ ਖੋਜ ਅਗਸਤ ੧੯੯੬ ਵਿਚ ਪੂਰੀ ਹੋਈ। (ਬਾਕੀ ਪੰਨਾ ੩੮ ਤੇ ...)

# ਆਓ ਸੱਚੇ ਅਮਲੀ ਬਣੀਏ

(ਸ੍ਰ: ਜੋਗਾ ਸਿੰਘ ਐਲ ਐਲ ਬੀ)

ਅੱਜ ਦਾ ਮਨੁੱਖ ਮਨ ਦੀ ਸ਼ਾਂਤੀ ਅਤੇ ਕੁਝ ਪਲਾਂ ਦੀ ਮਸਤੀ ਲਈ ਬੁਧੀ ਨਸ਼ਟ ਕਰਨ ਵਾਲੇ ਨਸ਼ਿਆਂ ਦੀ ਵਰਤੋਂ ਕਰ ਰਿਹਾ ਹੈ। ਅੱਜ ਨਸ਼ਿਆਂ ਦੀ ਵਰਤੋਂ ਵਿਚ ਸ਼ਰਾਬ, ਅਫੀਮ, ਤੰਬਾਕੂ, ਸਿਗਰਟ, ਭੰਗ, ਪੋਸਤ, ਹਸ਼ੀਸ ਅਤੇ ਬਰਾਉਨ ਸ਼ੂਗਰ ਰਿਹੇ ਭਿਅੰਨਕ ਜ਼ਹਿਰ ਸ਼ਾਮਲ ਹਨ। ਸਿੱਖ ਗੁਰੂਆਂ ਨੇ ਇਹਨਾਂ ਨਸ਼ਿਆਂ ਤੋਂ ਦੂਰ ਰਹਿ ਕੇ ਵਾਹਿਗੁਰੂ ਦੇ ਨਾਮ ਦਾ ਰਸ ਪੀਣ ਲਈ ਕਿਹਾ ਹੈ। ਕੇਵਲ ਸਾਧਾਰਣ ਮਨੁੱਖ ਹੀ ਨਹੀਂ ਸਗੋਂ ਆਪਣੇ ਆਪ ਨੂੰ ਜੋਗੀ ਕਹਾਉਣ ਵਾਲੇ ਵੀ ਇਨ੍ਹਾਂ ਨਸ਼ਿਆਂ ਦੀ ਵਰਤੋਂ ਕਰਦੇ ਆਏ ਹਨ। ਜੋਗੀ ਭਰਥਰੀ ਨੂੰ ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹੋਏ ਫੁਰਮਾਉਂਦੇ ਹਨ

ਬਾਬਾ, ਮਨ ਮਤਵਾਰੋ ਨਾਮ ਰਸ ਪੀਵੈ, ਸਹਿਜ ਰੰਗ ਰਚਿ ਰਹਿਆ।
ਅਹਿਨਿਸ ਬਨੀ ਪ੍ਰੇਮ ਲਿਵ ਲਾਗੀ, ਸ਼ਬਦ ਅਨਾਹਦ ਗਹਿਆ।। ਰਹਾਉ।।
ਪੂਰਾ ਸਾਚ ਪਿਆਲਾ ਸਹਜੇ, ਤਿਸਹਿ ਪਿਆਏ ਜਾ ਕਉ ਨਦਰਿ ਕਰੇ।
ਅੰਮ੍ਰਿਤਸਰ ਕਾ ਵਾਪਾਰੀ ਹੋਵੈ, ਕਿਆ ਮਦ ਛੂਛੇ ਭਾਉ ਧਰੇ।੨।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਇਨ੍ਹਾਂ ਦੁਨਿਆਵੀ ਹੋਛ ਤੇ ਛੂਛੇ ਨਸ਼ਿਆਂ ਨੂੰ ਛੱਡ ਕੇ ਨਾਮ ਦਾ ਰਸ ਪੀਣ ਲਈ ਕਹਿੰਦੇ ਹਨ। ਨਸ਼ਿਆਂ ਦੇ ਕੋਹੜ ਤੋਂ ਬਚਣ ਲਈ ਪੰਜਵੇਂ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :-

ਦੁਰਮਤਿ ਮਦੁ ਜੋ ਪੀਵਤੇ, ਬਿਖਲੀ ਪਤਿ ਕਮਲੀ।
ਰਾਮ ਰਸਾਇਣ ਜੋ ਰਤੇ ਨਾਨਕ ਸਚ ਅਮਲੀ। (ਆਸਾ ਮ:੫, ਪੰਨਾ ੩੯੯)

ਬਿਹਾਗੜੇ ਦੀ ਵਾਰ ਵਿਚ ਗੁਰੂ ਜੀ ਲਿਖਦੇ ਹਨ ਕਿ ਨਸ਼ੇ ਨੂੰ ਪੀਣ ਜਾਂ ਖਾਣ ਨਾਲ ਬੁਧੀ ਦਾ ਨਾਸ ਹੁੰਦਾ ਹੈ ਅਤੇ ਜਿਸ ਨੂੰ ਪੀ ਕੇ ਆਪਣੇ ਅਤਿ ਪਰਾਏ ਦੀ ਵੀ ਪਛਾਣ ਨਹੀਂ ਰਹਿੰਦੀ ਉਸ ਨਸ਼ੇ ਦਾ ਕੀ ਫਾਇਦਾ :–

ਜਿਤੁ ਪੀਵੈ ਮਤਿ ਦੂਰ ਹੋਇ, ਬਰਲੁ ਪਵੈ ਵਿਚ ਆਇ।
ਆਪਣਾ ਪਰਾਇਆ ਨਾ ਪਛਾਣਈ, ਖਸਮਹੁ ਧਕੇ ਖਾਹਿ ।।੧।।੧੬।।

(ਮ. ੩, ਬਿਹਾਗੜੇ ਕੀ ਵਾਰ, ਪੰਨਾ ੫੫੪)

ਪਰ ਕਿੰਨੀ ਮੰਦਭਾਗੀ ਗੱਲ ਹੈ ਕਿ ਅੱਜ ਦੇ ਮਨੁੱਖ ਨਸ਼ਿਆਂ ਦੀ ਵਰਤੋਂ ਕਰਕੇ ਆਪਣੇ ਤਨ ਮਨ ਨੂੰ ਧੋਖਾ ਦੇ ਕੇ ਬੁਧੀ ਦਾ ਨਾਸ਼ ਕਰ ਰਹੇ ਹਨ। ਉਹ ਮੂਰਖ ਇਹ ਵੀ ਨਹੀਂ ਜਾਣਦੇ ਕਿ ਉਹ ਆਪਣਾ ਬਹੁਮਲਾ ਜੀਵਨ ਨਸ਼ਿਆਂ ਵਿਚ ਪੈ ਕੇ ਨਸ਼ਟ ਕਰ ਰਹੇ ਹਨ। ਇਹ ਨਸ਼ੇ ਤਾਂ ਥੋੜ੍ਹੀ ਦੇਰ ਦੀ ਮਸਤੀ ਲਈ ਹੁੰਦੇ ਹਨ, ਜਿਸ ਕਰਕੇ ਉਹ ਆਪਣੀ ਜਿੰਦਗੀ ਬਰਬਾਦ ਕਰ ਰਹੇ ਹਨ। ਇਹ ਥੋੜ੍ਹੇ ਸਮੇਂ ਵਾਲੇ ਨਸ਼ੇ ਛੱਡ ਕੇ ਨਾਮ ਰਸ ਦਾ ਨਸ਼ਾ ਲਾਉਣਾ ਚਾਹੀਦਾ ਹੈ ਜਿਸ ਨਾਲ ਹਮੇਸ਼ਾਂ ਹੀ ਮਸਤੀ ਚੜ੍ਹੀ ਰਹਿੰਦੀ ਹੈ-

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕਿਹਾ ਹੈ। ਅਸੀਂ ਆਪ ਨਸ਼ਿਆਂ ਦੇ ਕੋਹੜ ਤੋ ਬਚ ਕੇ ਦੁਨੀਆਂ ਨੂੰ ਇਹਨਾਂ ਨਸ਼ਿਆਂ ਦੀ ਬਰਬਾਦੀ ਤੋਂ ਬਚਾ ਸਕਦੇ ਹਾਂ। ਜੇ ਅਸੀਂ ਹੀ ਝੂਠੇ ਨਸ਼ਿਆਂ ਵਿਚ ਗਲਤਾਨ ਹੋ ਗਏ ਤਾਂ ਸਮੁੱਚੀ ਲੋਕਾਈ ਨੂੰ ਨਸ਼ਿਆਂ ਤੋਂ ਕੌਣ ਹੋੜੇਗਾ ?

ਅੱਜ ਦੁਨੀਆਂ ਦੀਆਂ ਬਹੁਤ ਸਾਰੀਆਂ ਸਮਾਜਸੁਧਾਰਕ ਸੰਸਥਾਵਾਂ ਇਨ੍ਹਾਂ ਨਸ਼ਿਆਂ ਵਿਰੁਧ ਪ੍ਰਚਾਰ ਕਰ ਰਹੀਆਂ ਹਨ। ਆਓ ਅਸੀਂ ਨਰੋਏ ਸਮਾਜ ਦੀ ਸਿਰਜਣਾਂ ਲਈ ਲਾਮਬੰਦ ਹੋਈਏ ਤੇ ਨਸ਼ਿਆਂ ਦੇ ਕੋਹੜ ਤੋਂ ਮੁਕਤ ਹੋਈਏ।

— — — —


www.AKJ.Org

# ਵਡੇਰਾ ਗੁਰਸਿੱਖ ਪਰਿਵਾਰ

(ਸੰਤਾ ਸਿੰਘ ਆਜਿਜ਼)

ਸੈਵਨ ਅੱਪ ਮੇਲ ਟਰੇਨ ਮਰੋਗੋਰੇ ਤੋਂ ਚੱਲਕੇ ਦੌੜਾਂ ਲਾਉਂਦੀ, ਧੂੜਾਂ ਉਡਾਉਂਦੀ ਤੇ ਧਰਤੀ ਹਿਲਾਉਂਦੀ ਹੋਈ ਡਡੋਮਾ ਰੇਲਵੇ ਸਟੇਸ਼ਨ ਦੇ ਪਲੇਟ ਫਾਰਮ ਤੇ ਪੂਰੇ ਅੱਠ ਵਜੇ ਸਵੇਰੇ ਪੁੱਜ ਕੇ, ਹਫ਼ੀ ਹੋਈ ਯਕਦਮ ਰੁਕ ਗਈ। ਟਰੇਨੋਂ ਉਤਰਨ ਤੇ ਚੜ੍ਹਨ ਵਾਲੇ ਮੁਸਾਫ਼ਰਾਂ ਵਿਚ ਪਹਿਲਾਂ ਤਾਂ ਕੁਝ ਮਾਮੂਲੀ ਹਿਲਜੁਲ, ਤੇ ਫਿਰ ਖਾਸੀ ਨੱਜ ਭੱਜ ਸ਼ੁਰੂ ਹੋ ਗਈ। ਤੇ ਅੱਧੇ ਕੁ ਘੰਟੇ ਬਾਅਦ ਕੁਝ ਨਵੇਂ ਤੇ ਬਹੁਤੇ ਪੁਰਾਣੇ ਮੁਸਾਫਰ ਆਪਣੇ ਵਜੂਦ ਵਿਚ ਸਮੋਈ ਹੋਈ ਟਰੇਨ ਜਿਸ ਤਰ੍ਹਾਂ ਤੂਫ਼ਾਨ ਬਣਕੇ ਆਈ ਸੀ, ਠੀਕ ਉਸੇ ਤਰ੍ਹਾਂ ਹਨੇਰੀ ਬਣ ਕੇ ਉਡ ਗਈ ।

ਬਰੇਕ ਵੈਨ ਤੋਂ ਦਫ਼ਤਰ ਦਾ ਚਪੜਾਸੀ ਮੇਲ ਬੈਗ ਲੈ ਕੇ ਆ ਗਿਆ, ਤੇ ਪੂਰੇ ਗਿਆਰਾਂ ਵਜੇ ਸਾਡਾ ਸ਼ੈਡ ਫੋਰਮੈਨ ਪੋਸਟ ਬਾਕਸ ਦੀਆਂ ਚਾਬੀਆਂ ਲੈ ਕੇ ਡਾਕ ਖਾਨੇ ਵੱਲ ਡਾਕ ਲੈਣ ਤੁਰ ਪਿਆ।

ਇਸ ਮੇਲ ਟਰੇਨ ਨਾਲ ਡਡੋਮਾ ਦੇ ਸ਼ਹਿਰ ਵਾਸੀਆਂ ਦੀਆਂ ਅਨੇਕਾਂ ਆਸਾਂ ਤੇ ਉਮੰਗਾ ਜੁੜੀਆਂ ਹੋਈਆਂ ਸਨ। ਇਹ ਮੇਲ ਟਰੇਨ ਕਈਆਂ ਮਾਵਾਂ ਦੇ ਲਾਡਲੇ ਪੁੱਤਰ, ਭੈਣਾਂ ਦੇ ਪਿਆਰੇ ਵੀਰ, ਦੋਸਤਾਂ ਦੇ ਜਿਗਰੀ ਦੋਸਤ, ਤੇ ਕਈਆਂ ਸੁਹਾਗਣਾਂ ਦੇ ਸੁਹਾਗ ਉਹਨਾਂ ਦੀ ਝੋਲੀ ਪਾਉਂਦੀ, ਤੇ ਖੋਹਦੀ ਵੀ ਆ ਰਹੀ ਸੀ।

ਸਾਨੂੰ ਭਾਰਤੀ ਤੇ ਪਾਕਿਸਤਾਨੀ ਰੇਲਵੇ ਕਰਮਚਾਰੀਆਂ ਨੂੰ ਵੀ ਇਸ ਟਰੇਨ ਦੀਆਂ ਘੱਟ ਤਾਂਘਾਂ ਨਹੀਂ ਸਨ। ਬੇਸ਼ਕ ਇਹ ਸਾਨੂੰ ਸਾਡੇ ਪਿਆਰੇ ਸੰਬੰਧੀਆਂ ਨਾਲ ਮਿਲਾਉਣ ਤੋਂ ਅਸਮਰਥ, ਪਰ ਸਾਡੇ ਪੂਜ ਬਜ਼ੁਰਗਾਂ, ਭੈਣਾਂ ਤੇ ਭਾਈਆਂ, ਦੋਸਤਾਂ ਤੇ ਮਿੱਤਰਾਂ ਦੇ ਪਿਆਰੇ ਪਿਆਰੇ ਪੱਤਰ ਸਾਡੇ ਤੱਕ ਪੁੱਜਦੇ ਕਰਨ ਦੀ ਸਮਰਥਾ ਤਾਂ ਰਖਦੀ ਹੀ ਸੀ, ਤੇ ਜਦੋਂ ਸਾਡਾ ਫੋਰਮੈਨ ਡਾਕਖਾਨੇ ਵੱਲ ਪੋਸਟ ਬਾਕਸ ਦੀ ਚਾਬੀ ਲੈ ਕੇ ਜਾਂਦਾ, ਤੇ ਪੋਸਟ ਲੈ ਕੇ ਵਾਪਸ ਆਉਂਦਾ ਤਾਂ ਪਿਆਰਿਆਂ ਦੇ ਪੱਤਰ ਪਾ ਕੇ ਹਿੰਦੂ ਸਿੱਖਾਂ ਨੂੰ ਦੀਵਾਲੀ, ਤੇ ਮੁਸਲਮਾਨਾਂ ਨੂੰ ਈਦ ਜਿਹੀ ਖ਼ੁਸ਼ੀ ਪ੍ਰਾਪਤ ਹੁੰਦੀ ਸੀ।

ਪੂਰੇ ਸਾਢੇ ਗਿਆਰਾਂ ਵਜੇ ਫੋਰਮੈਨ ਡਾਕ ਲੈ ਕੇ ਵਾਪਸ ਆਇਆ, ਤੇ ਅਸੀਂ ਸਾਰੇ ਕਰਮਚਾਰੀ ਆਪੋ ਆਪਣੇ ਪੱਤਰ ਲੈਣ ਵਾਸਤੇ ਫੋਰਮੈਨ ਦੇ ਦਫ਼ਤਰ ਵਿਚ ਇਕੱਠੇ ਹੋ ਗਏ। ਨਵਾਂ ਨਵਾਂ ਵਲਾਇਤੋਂ ਆਇਆ ਫੋਰਮੈਨ ਆਪਣੇ ਪੱਛਮੀ ਲਹਿਜੇ ਵਿਚ ਪੱਤਰ ਤੋਂ ਨਾਮ ਪੜ੍ਹਦਾ, ਤੇ ਪੱਤਰ ਮਾਲਕ ਦੇ ਹਵਾਲੇ ਕਰ ਦਿੰਦਾ, ਅਬਦੁਲ ਰਹਿਮਾਨ, ਮੁਨਸ਼ੀ ਰਾਮ, ਜਸਵੰਤ ਸਿੰਘ, ਤਾਜ ਦੀਨ, ਤਾਰਾ ਸਿੰਘ, ਬੰਸੀ ਲਾਲ, ਸੰਤਾ ਸਿੰਘ ਤੇ ਲਾਲ ਸਿੰਘ ਵਗੈਰਾ ਵਗੈਰਾ, ਇਸ ਤਰ੍ਹਾਂ ਦਰਜਨਾਂ ਪੱਤਰ ਵੰਡੇ ਗਏ। ਮੇਰੇ ਹਿਸੇ ਵੀ ਦੋ ਪੱਤਰ ਆਏ। ਤੇ ਤਿੰਨ ਚਾਰ ਮੇਰੇ ਗਵਾਂਢੀ ਸਿੱਖ ਵੀਰਾਂ ਦੇ ਜੋ ਕਿ ਡਿਊਟੀ ਤੇ ਨਹੀਂ ਸਨ, ਉਹ ਪੱਤਰ ਵੀ ਮੈਂ ਪੁੱਜਦੇ ਕਰਨ ਲਈ ਫੋਰਮੈਨ ਪਾਸੋਂ ਫੜ ਲਏ।

ਸਾਰੀ ਡਾਕ ਵੰਡੀ ਗਈ, ਤੇ ਸਾਰੇ ਕਰਮਚਾਰੀ ਵੀ ਕੰਮਾਂ ਤੇ ਵਾਪਸ ਚਲੇ ਗਏ ਤੇ ਮੈਂ ਵੀ ਤੁਰ ਪਿਆ, ਪਰ ਸਭ ਤੋਂ ਵਧੇਰੇ ਪੱਤਰ ਮੇਰੇ ਹੱਥ ਵਿਚ ਦੇਖ ਕੇ ਫੋਰਮੈਨ ਨੂੰ ਭੁਲੇਖਾ ਜਿਹਾ ਲੱਗਾ, ਕਿ ਮੈਂ ਇਕ ਵੱਡੀ ਸਿੰਘ ਸਰਨੇਮ ਵਾਲੀ ਫੈਮਲੀ ਨਾਲ ਸੰਬੰਧ ਰੱਖਦਾ ਹਾਂ। ਤੇ ਇਹ ਸਾਰੇ ਪੱਤਰ ਵੀ ਇਸਦੇ ਭਾਈਬੰਦੀਆਂ ਦੇ ਹਨ, ਫੋਰਮੈਨ ਨੇ ਮੈਨੂੰ ਰੋਕਕੇ ਆਪਣੀ ਜਾਣਕਾਰੀ ਲਈ ਮੈਥੋਂ ਕਈ ਮਹੱਤਵਪੂਰਨ ਸਵਾਲ ਪੁੱਛੇ।

"ਮਿਸਟਰ ਸਿੰਘ, ਕੀ ਐਥੇ ਤੇਰਾ ਬਹੁਤ ਵੱਡਾ ਭਾਈਚਾਰਾ ਵਸਦਾ ਹੈ ?"

"ਬੇਸ਼ਕ, ਬੇਸ਼ਕ, ਮਿਸਟਰ ਸਮਿੱਥ, ਮੈਂ ਵੱਡਾ ਭਾਗਸ਼ਾਲੀ ਹਾਂ, ਤੇ ਬੜੇ ਵੱਡੇ ਭਾਈਚਾਰੇ ਨਾਲ ਸੰਬੰਧ ਰਖਦਾ ਹਾਂ ।"

"ਇਸ ਡਡੋਮਾ ਸ਼ਹਿਰ ਵਿਚ ਤੇਰੇ ਕਿਤਨੇ ਭਾਈ ਤੇ ਭੈਣਾਂ ਹਨ ?"

"ਸਾਹਿਬ, ਇਸ ਸ਼ਹਿਰ ਦੇ ਸਾਰੇ ਦੇ ਸਾਰੇ ਹੀ ਸਿੱਖ ਪਰਿਵਾਰਾਂ ਦੇ ਮੈਂਬਰਜ਼ ਮੇਰੇ ਭੈਣਾਂ ਤੇ ਭਾਈ ਹਨ।"

"ਫੋਰਮੈਨ ਨੇ ਅਸਚਰਜਤਾ ਭਰੇ ਲਹਿਜੇ ਵਿਚ ਪੁੱਛਿਆ, "ਇਸ ਸ਼ਹਿਰ ਤੋਂ ਇਲਾਵਾ ਟਨਜ਼ਾਨੀਆਂ ਦੇ ਹੋਰ ਵੀ ਕਿਸੇ ਸ਼ਹਿਰ ਵਿਚ ਤੇਰੇ ਭੈਣਾਂ ਤੇ ਭਾਈ ਹਨ? ਮਿਸਟਰ ਸਿੰਘ ?"

"ਹਾਂ, ਹਾਂ, ਮਿਸਟਰ ਸਮਿੱਥ, ਟਨਜ਼ਾਨੀਆਂ ਦੇ ਸਾਰੇ ਹੀ ਸ਼ਹਿਰਾਂ ਵਿਚ ਵਸਦੇ ਸਿੱਖ ਭੈਣਾਂ ਤੇ ਭਾਈ, ਸਾਰੇ ਹੀ ਮੇਰੇ ਭਾਈਚਾਰੇ ਦੇ ਮੈਂਬਰਜ਼ ਹਨ ।"

'ਹੁਣ ਸਮਿੱਥ ਸਾਹਿਬ ਦੇ ਮੁੱਖ ਤੋਂ ਪ੍ਰਤੀਤ ਹੁੰਦਾ ਸੀ, ਕਿ ਉਸਨੂੰ ਮੇਰੀ ਬਾਤ ਤੇ ਯਕੀਨ ਨਹੀਂ ਆਇਆ, ਤੇ ਉਸਨੇ ਬੜੀ ਉਤਸੁਕਤਾ ਨਾਲ ਪੁੱਛਿਆ, "ਅਫ਼ਰੀਕਾ ਦੇ ਹੋਰਨਾਂ ਸੂਬਿਆਂ ਦੇ ਸ਼ਹਿਰਾਂ ਵਿਚ ਵੀ ਤੇਰਾ ਕੋਈ ਭੈਣ ਭਾਈ ਰਹਿੰਦਾ ਹੈ? ਮਿਸਟਰ ਸਿੰਘ ।"

ਮੈਂ ਬੜੇ ਹੀ ਹਰਸ਼ ਨਾਲ ਜਵਾਬ ਦਿਤਾ, "ਮਿਸਟਰ ਸਮਿੱਥ ! ਅਫ਼ਰੀਕਾ ਦੇ ਤਿੰਨਾਂ ਸੂਬਿਆਂ ਟਨਜ਼ਾਨੀਆਂ, ਕੀਨੀਆਂ ਤੇ ਯੂਗੇਂਡਾ ਤੋਂ ਇਲਾਵਾ ਜੰਜੀਬਾਰ, ਸਮਾਲੀਲੈਂਡ, ਨਿਆਸਾ ਲੈਂਡ ਤੇ ਹੋਰ ਸਾਰੇ ਸੂਬਿਆਂ ਦੇ ਸ਼ਹਿਰਾਂ ਵਿਚ ਵਸਦੇ ਸਾਰੇ ਹੀ ਸਿੱਖ ਮੇਰੇ ਸਮੇ ਭੈਣ ਤੇ ਭਾਈ ਹਨ ।"

ਹੁਣ ਫੋਰਮੈਨ ਦੀ ਹੈਰਾਨੀ ਦਾ ਕੋਈ ਅੰਤ ਨਹੀਂ ਸੀ, ਉਹ ਮੇਰੇ ਕਥਨ ਨੂੰ ਝੁਠਲਾ ਵੀ ਨਹੀਂ ਸਕਦਾ ਸੀ, ਤੇ ਸੱਚ ਮੰਨਣ ਲਈ ਤਿਆਰ ਨਹੀਂ ਸੀ। ਉਸ ਨੇ ਤੀਬਰਤਾ ਨਾਲ ਮੁੜ ਇਹ ਸੁਆਲ ਕੀਤਾ, "ਮੇਹਰਬਾਨੀ ਕਰਕੇ ਇਹ ਦੱਸੋ ਮਿਸਟਰ ਸਿੰਘ, ਕਿ ਕੀ ਯੂ ਕੇ, ਜਰਮਨੀ ਜਾਂ ਫਰਾਂਸ ਵਿਚ ਵੀ ਤੁਹਾਡੇ ਕੁਝ ਨਜ਼ਦੀਕੀ ਰਿਸ਼ਤੇਦਾਰ ਵਸਦੇ ਹਨ ?"

ਮੈਂ ਵੀ ਆਖਰੀ ਤੋੜਾ ਝਾੜਦਿਆਂ ਹੋਇਆਂ ਸੌ ਫੀਸਦੀ ਸੱਚੋ ਸੱਚ ਜੁਆਬ ਦੇ ਕੇ ਫੋਰਮੈਨ ਨੂੰ ਲਾਜੁਆਬ ਕਰ ਦਿਤਾ, "ਸਮਿੱਥ ਸਾਹਿਬ, ਕੇਵਲ ਇੰਗਲੈਂਡ ਜਰਮਨ ਤੇ ਫਰਾਂਸ ਵਿਚ ਹੀ ਨਹੀਂ, ਬਲਕਿ ਇਸ ਦੁਨੀਆਂ ਦੇ ਤਖ਼ਤੇ 'ਤੇ ਜਿਤਨੇ ਵੀ ਸਿੱਖ ਪਰਿਵਾਰ ਵਸਦੇ ਹਨ, ਉਹ ਸਾਰੇ ਦੇ ਸਾਰੇ ਰਿਸ਼ਤੇ ਵਿਚ ਮੇਰੇ ਭੈਣ ਤੇ ਭਾਈ ਹਨ।"

ਫੋਰਮੈਨ ਅਜੇ ਵੀ ਇਸ ਹਕੀਕਤ ਤੋਂ ਕਾਇਲ ਨਹੀਂ ਸੀ ਹੋਇਆ, ਉਸਨੇ ਇਨਕਾਰ ਵਿਚ ਬਾਰ ਬਾਰ ਸਿਰ ਹਿਲਾਉਂਦਿਆਂ, ਤੇ ਇਸ ਸਚਾਈ ਨੂੰ ਝੁਠਲਾਉਂਦਿਆਂ ਹੋਇਆ ਵਿਰੋਧਤਾ ਭਰੇ ਲਹਿਜੇ ਵਿਚ ਕਿਹਾ, "ਸਿੰਘ ਇਹ ਝੂਠ ਹੈ, ਤੇ ਸਰਾਸਰ ਝੂਠ ਹੈ। ਮੈਂ ਇਹ ਝੂਠ ਮੰਨਣ ਲਈ ਕਤਈ ਤਿਆਰ ਨਹੀਂ ਹਾਂ। ਬੇਸ਼ਕ ਇਹ ਹਕੀਕਤ ਹੈ, ਕਿ ਕਿਸੇ ਫੈਮਲੀ ਦੇ ਮੈਂਬਰਾਂ ਦੀ ਗਿਣਤੀ ਦੋ ਜਾਂ ਚਾਰ ਸੌ, ਜਾਂ ਵੱਧ ਤੋਂ ਵੱਧ ਦੋ ਚਾਰ ਹਜ਼ਾਰ ਮੈਂਬਰਾਂ ਦੀ ਹੋ ਸਕਦੀ ਹੈ, ਪਰ ਤੂੰ ਤਾਂ ਆਪਣੇ ਪਰਿਵਾਰਾਂ ਦੇ ਮੈਂਬਰਾਂ ਦੀ ਗਿਣਤੀ ਲੱਖਾਂ ਹੀ ਨਹੀਂ ਬਲਕਿ ਕਰੋੜਾਂ ਦੀ ਦਸਦਾ ਹੈ। ਇਹ ਤਾਂ ਸਚਾਈ ਤੋਂ ਕਤਈ ਉਲਟ ਬਾਤ ਹੈ ?"

ਤੇ ਆਖਰਕਾਰ ਮੈਨੂੰ ਆਪਣੇ ਵਡੇਰੇ ਭਾਈ ਚਾਰੇ ਦਾ ਵਿਲੱਖਣ ਰਾਜ਼ ਇਕ ਵਿਦੇਸ਼ੀ ਪਾਸ ਖੋਲ੍ਹਣਾ ਹੀ ਪਿਆ ਹੈ, ਤੇ ਮੈਂ ਉਸਨੂੰ ਬੜੇ ਮਾਣ ਨਾਲ ਦੱਸਿਆ।

"ਪਿਆਰੇ ਸਮਿੱਥ ਸਾਹਿਬ, ਜਦੋਂ ਵੀ ਕਿਸੇ ਯੋਗ ਸਿੱਖ ਲੜਕੇ ਜਾਂ ਲੜਕੀ ਨੂੰ ਗੁਰਮਤਿ ਮਰਿਯਾਦਾ ਅਨੁਸਾਰ ਖੰਡੇ ਦਾ ਅੰਮ੍ਰਿਤ ਛਕਾਇਆ ਜਾਂਦਾ ਹੈ, ਤੇ ਸਿੱਖੀ ਰਹਿਤਾਂ ਬਾਰੇ ਵਿਸਥਾਰ ਨਾਲ ਸਮਝਾਇਆ ਜਾਂਦਾ ਹੈ, ਪੰਜਾਂ ਬਾਣੀਆਂ ਦਾ ਪਾਠ ਕਰਨ ਦਾ ਹੁਕਮ ਸੁਣਾਇਆ ਜਾਂਦਾ ਹੈ। ਤੇ ਅੰਮ੍ਰਿਤ ਪਾਨ ਕਰਨ ਤੋਂ ਉਪਰੰਤ ਉਸਦਾ ਪਹਿਲਾਂ ਨਾਮ, ਜਨਮ-ਅਸਥਾਨ, ਜ਼ਾਤ ਪਾਤ, ਧੜਾ ਬਰਾਦਰੀ ਤੇ ਜਮਾਤ ਇਥੋਂ ਤੱਕ ਕਿ ਜੀਵਨ ਦਾ ਤਾਤ ਹੀ ਬਦਲ ਦਿਤਾ ਜਾਂਦਾ ਹੈ। ਯੰਗ ਲੜਕੇ ਦੇ ਨਾਮ ਦੇ ਨਾਲ ਸਿੰਘ ਤੇ ਲੜਕੀ ਦੇ ਨਾਮ ਨਾਲ ਕੌਰ ਖਿਤਾਬ ਜੁੜ ਜਾਂਦਾ ਹੈ। ਪੁਰਾਣੇ ਦੁਨਿਆਵੀ ਰਿਸ਼ਤੇ ਟੁੱਟ ਜਾਂਦੇ, ਤੇ ਨਵੇਂ ਰੂਹਾਨੀ ਜੁੜ ਜਾਂਦੇ ਹਨ। ਦੁਨਿਆਵੀ ਮਾਪਿਆਂ ਦੀ ਥਾਵੇਂ ਰੂਹਾਨੀ ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਤੇ ਨਾਂ ਨਾਲ ਸਦੀਵੀ ਤੇ ਅਟੁੱਟ ਸੰਬੰਧ ਬਣ ਜਾਂਦਾ ਹੈ, ਤੇ ਸਭਨਾਂ ਅੰਮ੍ਰਿਤ ਧਾਰੀਆਂ ਦਾ ਜਨਮ ਅਸਥਾਨ ਕੇਵਲ ਤੇ ਕੇਵਲ ਆਨੰਦਪੁਰ ਸਾਹਿਬ ਹੀ ਬਤਲਾਇਆ ਜਾਂਦਾ ਹੈ। ਸ. ਸ. ਅਕਾਲ ਦਾ ਜੈਕਾਰਾ ਤੇ ਸਰਬੱਤ ਦੇ ਭਲੇ ਦਾ ਨਾਅਰਾ ਜੀਵਨ ਦਾ ਮਕਸਦ ਦਰਸਾਇਆ ਜਾਂਦਾ ਹੈ। ਇਹਨਾਂ ਸਿੱਖੀ ਰਵਾਇਤਾਂ ਅਨੁਸਾਰ, ਹਰ ਇਕ ਅੰਮ੍ਰਿਤਧਾਰੀ ਸਿੰਘ ਤੇ ਕੌਰ ਇਕੋ ਪਿਤਾ ਤੇ ਮਾਤਾ ਦੇ ਬਾਲਕ ਆਪਸ ਵਿਚ ਸਕੇ ਭੈਣਾਂ ਤੇ ਭਾਈ ਬਣ ਜਾਂਦੇ ਹਨ, ਤੇ ਇਕੋ ਵਡੇਰੇ ਭਾਈਚਾਰੇ ਦੇ ਮੈਂਬਰਜ਼ ਕਹਿਲਾਉਂਦੇ ਹਨ। .......

"ਤੇ ਮਿਸਟਰ ਸਮਿੱਥ, ਇਸੇ ਬੇਮਿਸਾਲ ਰਵਾਇਤ ਦੇ ਆਧਾਰ ਤੇ ਮੈਨੂੰ ਇਹ ਹੱਕ ਹਾਸਲ ਹੋਇਆ ਹੈ, ਕਿ ਮੈਂ ਦੁਨੀਆਂ ਭਰ ਦੇ ਸਿੱਖ ਪਰਿਵਾਰਾਂ ਨੂੰ ਆਪਣੇ ਭੈਣਾਂ ਤੇ ਭਾਈ ਪੁਕਾਰ ਸਕਾਂ। ਤੇ ਤੁਹਾਡੇ ਜਿਹੇ ਸਿੱਖੀ ਅਸੂਲਾਂ ਤੋਂ ਨਾਵਾਕਫ਼ ਵਿਦੇਸ਼ੀਆਂ ਨੂੰ ਅਸਲੀ ਹਕੀਕਤ ਸਮਝਾ ਕੇ, ਉਹਨਾਂ ਦੇ ਬੇਕਾਰ ਵਿਰੋਧੀ ਹੱਠ ਨੂੰ ਲਲਕਾਰ ਸਕਾਂ ।"

(ਬਾਕੀ ਪੰਨਾ ੩੨ ਤੇ ...)


www.AKJ.Org

# ਜਾਣੇ ਅਣਜਾਣੇ

(ਕਿਸ਼ਨ ਸਿੰਘ ਅਸਟ੍ਰੇਲੀਆ)

ਸਿੱਖ ਕਹਿਲਾਉਣ, ਸਿੱਖੀ ਕੁਰਬਾਨੀਆਂ ਦਾ ਮਾਣ, ਸਾਡਾ ਕੀ ਫ਼ਰਜ, ਸਿੱਖੀ ਲਈ ਇਹ ਭੁਲਾਈ ਜਾਂਦੇ।
ਗੁਰੂ ਦੀਆਂ, ਸਿੱਖਾਂ ਦੀਆਂ, ਬਾਬੇ ਪੜਦਾਦੇ ਦੀਆਂ, ਸੂਰਬੀਰ-ਤਾਈਂ ਗੱਲਾਂ, ਕਰਦੇ ਕਰਾਈ ਜਾਂਦੇ।
ਅਸੀਂ ਕੀ ਹਾਂ, ਸਾਡੇ ਕੋਲ ਸਿੱਖੀ ਦੀ ਪਹਿਚਾਣ ਕੀ ਏ, ਮੱਲੋਜੋਰੀ ਤਾਂ ਨਹੀਂ ਕਿਤੇ, ਕਬਜ਼ਾ ਜਮਾਈ ਜਾਂਦੇ।
ਸੱਚ ਦਾ ਰਾਹ ਛੱਡ, ਬਿਪਰਨ ਰੀਤੀਂ ਚੱਲ ਅਸੀਂ, ਗੁਰੂ ਉਪਦੇਸ਼ਾਂ ਦਾ, ਮਜ਼ਾਕ ਹੀ ਉਡਾਈ ਜਾਂਦੇ।
ਕਿਤੇ ਕੇਸ ਦਾਹੜਾ ਦਸਤਾਰ, ਕਿਤੇ ਕੱਟ ਵੱਢ, ਬਹੁਤੇ ਘੋਨ ਮੋਨ, ਸਾਰੇ ਸਿੱਖ ਕਹਿਲਾਈ ਜਾਂਦੇ।
ਕਿਸੇ ਰੱਖੀ, ਕਿਸੇ ਕੱਟੀ, ਕਿਸੇ ਬੱਧੀ, ਕਿਸੇ ਵੱਢੀ, ਕੌਣ ਸਿੱਖ ਕਿਸਦਾ? ਸਵਾਲ ਚਿੰਨ ਲਾਈ ਜਾਂਦੇ।
ਕੇਸ ਨੇ ਸਿਖਾਂ ਲਈ ਦਾਤਿ, ਕਟਣੇ ਨਹੀਂ ਪੁੱਟਣੇ ਨਹੀਂ, ਨੰਗੇ ਨਈਉਂ ਰੱਖਣੇ ਹੁਕਮ ਵਿਸਰਾਈ ਜਾਂਦੇ।
ਚੁੰਨੀ ਸਾਡੀ ਇਜ਼ਤ, ਅਣਖ, ਦਸਤਾਰ ਸਾਡੀ, ਦੇਖਾ ਦੇਖੀ ਕਿਉਂ, ਹੋਂਦ ਵੱਖਰੀ ਗਵਾਈ ਜਾਂਦੇ।
ਸ਼ਬਦ ਗੁਰੂ ਦੀ ਪੂਜਾ, ਹੁੰਦੀ ਵਾਂਗ ਮੂਰਤੀ ਦੇ, ਸੁੰਦਰ ਪੁਸ਼ਾਕੇ, ਦੀਪ ਧੂਪ ਹਾਂ ਧੁਖਾਈ ਜਾਂਦੇ।
ਸਰਦੀ ਨੂੰ ਹੀਟਰ, ਕੋਈ ਗਰਮੀ ਨੂੰ ਪੱਖੇ ਲਾਵੇ, ਭੋਜਨ ਤਿਆਰ ਕਰ, ਭੋਗ ਕਈ ਲਵਾਈ ਜਾਂਦੇ।
ਪੜ੍ਹਦੇ ਸ਼ਬਦ ਜੋ, ਅਰਥ ਉਹਦੇ ਜਾਣਦੇ ਨਹੀਂ, ਕਹਿਣ ਮੁੱਖੋਂ ਹੋਰ, ਕਾਰ ਹੋਰ ਹੀ ਕਮਾਈ ਜਾਂਦੇ।
ਕਾਦਰ ਦੀ ਆਰਤੀ, ਹਮੇਸ਼ਾਂ ਕੁਦਰਤ ਕਰੇ, ਦੀਵੇ ਬਾਲ੍ਹ ਫਿਰ ਵੀ ਕਈ, ਥਾਲੀਆਂ ਘੁਮਾਈ ਜਾਂਦੇ।
ਗੁਰੂ ਘਰ ਆਕੇ, ਗੱਲ ਸੁਣਦੇ ਗੁਰੂ ਦੀ ਨਹੀਂ ਕੋਈ, ਪੈਸੇ ਚਾੜ੍ਹ ਮੱਥਾ ਟੇਕ, ਫ਼ਰਜ਼ ਨਿਭਾਈ ਜਾਂਦੇ।
ਮਾਰਦੇ ਵਗਾਹਕੇ ਪੈਸਾ, ਦੂਰੋਂ ਹੀ ਕਈ ਗੁਰੂ ਅੱਗੇ, ਨੱਕ ਨਾਲ ਲਕੀਰਾਂ ਵਾਹੁਣ, ਮੱਥੇ ਕਈ ਘਸਾਈ ਜਾਂਦੇ।
ਕਈ ਥੋੜਾ ਝੁੱਕਦੇ, ਜ਼ਮੀਨੋਂ ਰੱਖ ਸਿਰ ਉੱਚਾ, ਬੱਧੀ ਕਈ ਦਿਨਾਂ ਦੀ ਪੱਗ, ਡਿਗਣੋਂ ਬਚਾਈ ਜਾਂਦੇ।
ਮੱਥੇ ਲਾ ਅੰਗੂਠਾ, ਚੀਚੀ ਲਾਉਂਦੇ ਕਈ ਜ਼ਮੀਨ ਦੇਖੇ, ਪੁੱਠੇ ਹੱਥ ਰੱਖਕੇ ਹੀ, ਸੀਸ ਕਈ ਨਿਵਾਈ ਜਾਂਦੇ।
ਕੋਈ ਫੁਲ ਚਾੜ੍ਹੇ, ਕਲਪਿਤ ਗੁਰੂ ਮੂਰਤਾਂ ਤੇ, ਦੀਪ ਧੂਪ ਸੰਖ ਕਈ, ਕਈ ਟੱਲੀਆਂ ਵਜਾਈ ਜਾਂਦੇ।
ਹੱਥਾਂ ਵਿੱਚ ਸਿਮਰਨੇ, ਗਲਾਂ ਵਿੱਚ ਪਾ ਕੇ ਮਾਲਾਂ, ਧਰਮੀ ਬਣਾਕੇ ਭੇਖ਼, ਮਨ ਭਰਮਾਈ ਜਾਂਦੇ।
ਸਿੱਖ ਭਾਵੇਂ ਬਣੀਏਂ ਨਾ, ਟੇਕ ਕੇ ਗੁਰੂ ਨੂੰ ਮੱਥਾ, ਪਰਕਰਮਾਂ ਲੈ, ਚੁੱਕ ਚੌਰ ਭੀ ਝੁਲਾਈ ਜਾਂਦੇ।
ਗੁਰੂ ਭੇਟਾ ਭਾਨ, ਦੇਣ ਰਾਗੀ ਨੂੰ ਦਿਖਾ ਜੋ ਨੋਟ, ਸ਼ਰਧਾਂ ਕੀ ਗੁਰੂ, ਅਤੇ ਭਾਈ ਲਈ ਦਿਖਾਈ ਜਾਂਦੇ।
ਰੋਜ਼ੀ ਵਾਸਤੇ ਕਈ, ਰਾਗੀ ਪਾਠੀ ਕਥਾਕਾਰ ਬਣੇ, ਦੁੱਧ ਸਿੱਖੀ ਵਿੱਚ ਦੇਖੋ, ਘੋਲ ਕਾਂਜੀ ਪਾਈ ਜਾਂਦੇ।
ਲਿਖਿਆ ਵਿਧਾਨ ਸਿੱਖੀ, ਰਹਿਤ ਮਰਿਯਾਦਾ ਵਿੱਚ, ਪੜ੍ਹੀ ਸੁਣੀ ਦੇਖੀ ਨਹੀਂ, ਗ੍ਰੰਥੀ ਅਖਵਾਈ ਜਾਂਦੇ।
ਸੱਜਿਉਂ ਕੋਈ ਖੱਬਿਉਂ, ਕੋਈ ਉੱਤੋਂ ਥੱਲੋਂ ਵਾਕ ਲੈਂਦਾ, ਗੁਰੂ ਦਾ ਨਹੀਂ, ਆਪਣਾ ਹੀ ਹੁਕਮ ਸੁਣਾਈ ਜਾਂਦੇ।
ਲੱਗੀਆਂ ਜੋ ਮਾਤਰਾਂ, ਅਰਥ ਸਮਝਾਵਣੇ ਲਈ, ਸੁਣਕੇ ਹੀ, ਗ਼ਲਤ ਉਚਾਰਣ ਰਟਾਈ ਜਾਂਦੇ।
ਹੋਰਾਂ ਅੱਖਰਾਂ ਨਾਲ ਲੱਗਾ, ਔਂਕੜ ਉਚਾਰਦੇ ਨਹੀਂ, ਕੱਲੇ ਹਾਹੇ ਨਾਲ, ਧੋਖਾ ਬਹੁਤੇ ਹੀ ਕਮਾਈ ਜਾਂਦੇ।
ਗੁਰੂ ਗ੍ਰੰਥ ਸਾਹਿਬ ਜੀ ਦਾ, ਸਾਰ ਕੀ ਸਿਧਾਂਤ ਸਿੱਖੀ, ਲੈ ਲੈ ਇੱਕ ਪੰਗਤੀ, ਅਰਥ ਬਦਲਾਈ ਜਾਂਦੇ।
ਆਪਣੇ ਵਿਚਾਰਾਂ ਨਾਲ, ਹੋਵੇ ਤੁੱਕ ਢੁੱਕਦੀ ਜੋ, ਸਾਖੀਆਂ ਸੁਣਾਕੇ, ਮਨੀਂ ਲੋਕਾਂ ਦੇ ਬਿਠਾਈ ਜਾਂਦੇ।
ਗੁਰੂ ਉਪਦੇਸ਼ ਦੀ, ਵਿਰੋਧੀ ਭਾਵੇਂ ਹੋਵੇ ਸਾਖੀ, ਧੰਨ ਗੁਰੂ ਕਹਿ ਕਹਿ ਸੀਸ, ਦੇਖੋ ਕਈ ਹਿਲਾਈ ਜਾਂਦੇ।
ਪਾਹੁਲ ਵੇਲੇ ਸਿੰਘਾਂ ਦਾ, ਹੁਕਮ ਕੀਤਾ ਮੰਨਦੇ ਜੋ, ਸਾਦਾ ਪਾ ਲਿਬਾਸ ਸਾਦੀ ਜ਼ਿੰਦਗੀ ਬਿਤਾਈ ਜਾਂਦੇ।
ਹੁਕਮ ਭੁਲਾਇਆ, ਗੁਰੂ ਖ਼ਾਲਸੇ ਦਾ ਫ਼ੈਸ਼ਨ ਨੇ, ਸਰਬ ਲੋਹ ਛੱਡ, ਤਨ ਸੋਨੇ ਨਾਲ ਸਜਾਈ ਜਾਂਦੇ।
ਕਰੇ ਜੋ ਸਿੱਖੀ ਦੀ ਗੱਲ, ਸਾਨੂੰ ਚੰਗਾ ਲੱਗਦਾ ਨਹੀਂ, ਸ਼ੇਰਾਂ ਦੀਆਂ ਮਾਰਾਂ, ਮੌਜਾਂ ਸਾਡੇ ਜਿਹੇ ਉਡਾਈ ਜਾਂਦੇ।
ਸਿੱਖੀ ਨੂੰ ਕੀ ਦੇਣ ਸਾਡੀ, ਕਦੇ ਅਸੀਂ ਸੋਚਿਆ ਨਹੀਂ, ਜਾਣੇ ਅਣਜਾਣੇ ਮਹਿਮਾ ਸਿੱਖੀ ਦੀ ਘਟਾਈ ਜਾਂਦੇ।
ਗੁਰੂ ਘਰ ਆਉਣ ਵਾਲੋ, ਗੁਰੂ ਦੇ ਪ੍ਰੀਤਵਾਨੋ, ਗੁਰੂ ਨੂੰ ਬਣਾ ਵਸੀਲਾ, ਪਾਲੋਂ ਪਰਿਵਾਰ ਜੇ।
ਕਹਿੰਦਾ ਕੀ ਏ ਗੁਰੂ, ਸੁਣੋ ਪੜ੍ਹੋ ਤੇ ਵੀਚਾਰੋ ਘੋਖੋ, ਗੁਰੂ ਦੀਆਂ ਮੱਤਾਂ ਹੀ, ਬਣਾ ਲਵੋਂ ਆਧਾਰ ਜੇ।
ਕਰੋ ਗੱਲ ਗੁਰੂ ਦੀ, ਤੇ ਲੈਣ ਸਿੱਖ ਗੁਰੂ ਮੱਤਿ, ਚਾਰੋਂ ਦਿਸ਼ਾ ਹੋਊ ਫਿਰ, ਸਿੱਖੀ ਦਾ ਪਾਸਾਰ ਜੇ।
ਸਿੱਖੀ ਪ੍ਰਚਾਰਕੋ ਲਓ ਸੁਣ ਸਾਡੀ ਬੇਨਤੀ ਇਹ, ਦੋਵੇਂ ਹੱਥ ਜੋੜ ਕਰੇ ਕਿਸ਼ਨ ਪੁਕਾਰ ਇਹ।

# ਸਲੋਕ ਭਗਤ ਕਬੀਰ ਜੀਉ ਕੇ
# SLOK BHAGAT KABIR JI

(By Jaspinder Singh Canada)

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ।। ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ।।੧੩।।
Slok No. 13 O'Kabir! The ignorant mortal fools lose godliness for the sake of worldliness, yet the worldly belongings endure not. Thus losing godliness of lasting value is like axing one's own foot through utter folly and negligence. -13

ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ।। ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ।।੧੪।।
Slok No. 14 O'Kabir! Wherever I have gone, i have witnessed the wonderment of worldliness. However without the presence of godliness, it is all wilderness for me. -14

ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ।। ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ।।੧੫।।
Slok No. 15 O'Kabir! Humble cottage of a saint is splendid, but the village of the sinners is like a furnace. May such a palace burn to ashes that does not enshrine God's Nam. -15

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ।। ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ।।੧੬।।
Slok No. 16 O'Kabir! Why mourn passing away of a saint, who goes to Abode-Divine. Mourn the death of a sinful atheist, who shall be subjugated to the cycle of countless births and death.-16

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ।। ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ।।੧੭।।
Slok No. 17 O'Kabir! An atheist is like a storehouse of garlic that is foul smelling. Eating garlic in a remote corner is still known for its unwelcome odor, so is the atheist known for unsavory words.-17

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ।। ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ।।੧੮।।
Slok No. 18 O'Kabir! O'kabir! worldliness is like the earthen vessel full of curd and the allotted life breaths of mortals are the churners. The saints, reciting Nam-Divine with each breath, are able to churn out butter and eat it. They have learnt the churning technique to remain detached in world and not prefer worldliness over godliness. However the worldly people, lost in worldliness, know not the technique of churning out the real essence of life and merely while away precious human life, drinking only whey.-18

ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਗ।। ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ ।।੧੯।।
Slok No. 19 O'Kabir! worldliness is like an earthen vessel full of curd and the churning breaths of saints provide necessary cooling to separate out butter. Thus such saints, having learnt the technique, obtain the essence of life. Rest of the mortals, in hot pursuit of worldliness, keeps churning in vain.19

ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ।। ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ।।੨੦।।
Slok No. 20 O'Kabir! worldliness is a clever duper that keeps duping and running a business of falsehood and cheating. However, kabir alone, who knows its secrets, loses not to worldliness and instead has cut it asunder in many piece, through spirit of renunciation.-20

www.AKJ.org

ਕਬੀਰ ਸੁਖੁ ਨ ਏਂਹ ਜੁਗਿ, ਕਰਹਿ ਜੁ ਬਹੁਤੈ ਮੀਤ॥ ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ ॥੨੧॥
Slok No. 21 O'Kabir! Happiness does not lie in getting entangled in worldly love of too many mortals as friends. Doing the worldly duties towards family and society with a sense of detachment one should devote to the love of one supreme Lord. Thus alone one can find eternal peace.-21

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥
Slok No. 22 O'Kabir! The mortals are afraid to give up worldly attachment yet i find peace and bliss in such withdrawl from worldliness. Such a spirit of renunciation alone can bring about God realization and eternal bliss.-22

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥੨੩॥
Slok No. 23 : If one is fortunate enough to find Grace Divine and Divinely Gift of Nam, one should refrain from discussing this with everyone. Generally intrested in worldly pursuits, there is rare demand from individuals or interest in matters spiritual. None is willing to pay the price of withdrawl from worldliness to be able to devote to godliness.-23

ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ॥ ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ॥
Slok No. 24 O'Kabir! Create friendship with holy saints, who solely rely on The All prevalent Lord. The worldly Scholars, kings and big landlords are too self engrossed to be of any use.-24

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥ ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥੨੫॥
Slok No. 25 O'Kabir! Devote to the love of one supreme Lord and rid thyself of any duality of worldliness. Duality leads to fear and doubt that denies firmness of faith in Godliness. The outer garb of matted hair of clean shaven head are of no consequence, as faith is matter of heart and inner conviction.-25

ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥ ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥
Slok No. 26 O'Kabir! Wordly attachment is like a store-house of black powder. The spiritually blind fall in it. I am sacrifice unto those, who after falling into worldly attachment are able to regain godliness, renouncing worldliness.-26 **(To be Continued)**

## ਯੂ. ਕੇ. ਵਿਖੇ ਕੀਰਤਨ ਸਮਾਗਮ

1. ਭਾਈ ਜਗਿੰਦਰ ਸਿੰਘ ਲਿਸਟਰ ਦੇ ਸਪੁੱਤਰ ਕਾਕਾ ਅਜੀਤ ਸਿੰਘ ਦਾ ਅਨੰਦ ਕਾਰਜ 14 ਅਗਸਤ ਨੂੰ ਸਿੰਘ ਸਭਾ ਸ਼ੀਹੀ ਵੇ. ਸਲੋਹ ਵਿਖੇ। ਹੋਰ ਜਾਣਕਾਰੀ ਲਈ ਭਾਈ ਅਮਰੀਕ ਸਿੰਘ 01753-731991
੨. ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਗੁਰਦੁਆਰਾ ਡੈਨਹਾਰਗ ਹਾਲੈਂਡ ਵਿਖੇ। ਕੋਚ ਵਿਚ ਸੀਟਾਂ ਬੁੱਕ ਕਰਨ ਲਈ ਸੰਪਰਕ ਕਰੋ ਭਾਈ ਸਤਨਾਮ ਸਿੰਘ 0181-5714690 ਭਾਈ ਹਰਦੀਪ ਸਿੰਘ 01753-530624
3. ਕੀਰਤਨ ਸਮਾਗਮ ਅਤੇ ਗਤਕਾ ਸ਼ਨੀਵਾਰ 11 ਸਤੰਬਰ ਅਤੇ ਐਤਵਾਰ 12 ਸਤੰਬਰ ਗੁ: ਸਿੰਘ ਸਭਾ ਪੈਰਿਸ ਫਰਾਂਸ ਵਿਖੇ। ਹੋਰ ਜਾਣਕਾਰੀ ਲਈ ਭਾਈ ਹਰਦੀਪ ਸਿੰਘ 01753-530624
4. ਮਾਸਿਕ ਰੈਣਿ ਸਬਾਈ ਕੀਰਤਨ 25 ਸਤੰਬਰ ਨੂੰ ਗੁ: ਗੁਰੂ ਅਰਜਨ ਦੇਵ ਜੀ ਸਟੈਨਹੋਪ ਰੋਡ ਡਰਬੀ ਵਿਖੇ। ਜਾਣਕਾਰੀ ਲਈ ਭਾਈ ਬਹਾਦਰ ਸਿੰਘ 01332-608858 ਬਰਮਿੰਘਮ ਤੋਂ ਟਰਾਂਸਪੋਰਟ ਲਈ ਭਾਈ ਅਮਨਦੀਪ ਸਿੰਘ 0121-5586473

# ਖਾਲਸਾ ਰਾਮ ਚੰਦਰ ਦੀ ਕੁਲ ਨਹੀਂ

(ਭਾਈ ਗੁਰਭੇਜ ਸਿੰਘ ਬਾਦਸ਼ਾਹ ਪੁਰੀ)

ਤੇਗ ਦਾ ਦੁਲਾਰਾ ਦਸਮੇਸ਼ ਦੇਖੋ,
ਛੋਟੀ ਉਮਰੇ ਪਿਤਾ ਤੋਰਿਆ ਕੁਰਬਾਨ ਹੋਣ ਲਈ।
ਮਾਤਾ ਜੀ ਨੂੰ ਕੀਤਾ ਕੈਦ ਠੰਡੇ ਬੁਰਜ ਅੰਦਰ,
ਜਿਗਰ ਦੇ ਟੋਟੇ ਤੋਰੇ ਕੁਰਬਾਨ ਹੋਣ ਲਈ।
ਸਰਬੰਸ ਵਾਰ ਕੀਤਾ ਸ਼ੁਕਰ ਅਕਾਲ ਅੱਗੇ,
ਕੀਤੀ ਅਰਦਾਸ ਗੁਰਾਂ ਨੇ ਵਰਦਾਨ ਪਾਉਣ ਲਈ।
ਸ਼ੇਰ ਦਿਲ ਸੀ ਜੋ ਬਾਜਾ ਵਾਲੜੇ ਜੀ,
ਜੋ ਆਇਆ ਸੀ ਜੁਲਮੀ ਨਿਸਾਨ ਮਿਟਾਉਣ ਲਈ ॥੧॥
੧੬੯੯ 'ਚ ਗੁਰਾਂ ਖਾਲਸਾ ਸਾਜਿਆ ਵਿੱਚ ਜਹਾਨ ਸੋਹਣਾ,
ਜਿਸ ਦੀ ਵੱਖਰੀ ਰਹੇਗੀ ਸ਼ਾਨ ਸਿੰਘੋ।
ਜਾਤਾਂ ਪਾਤਾਂ ਕੁਲਾਂ ਨਸਲਾਂ ਤੋਂ ਰਹੂ ਨਿਆਰਾ,
ਜਿਸਨੂੰ ਕੀਤਾ ਜਾਵੇ ਅਖੱਰੀ ਬਿਆਨ ਸਿੰਘੋ।
ਮਿਥਿਹਾਸਕ ਅਵਤਾਰਾਂ ਦੇਵੀ ਦੇਵਤਿਆਂ ਦਾ ਨਾ ਪੁਜਾਰੀ ਇਹੇ,
ਨਾਹੀ ਰਾਮ ਚੰਦਰ ਔਲਾਦ ਕਰੋ ਧਿਆਨ ਸਿੰਘੋ।
ਇਹ ਵੱਖਰੀ ਕੌਮ ਖਾਲਸਾ ਜੱਗ ਉਤੇ,
ਇਸ ਦੀ ਵੱਖਰੀ ਹੀ ਰਹਿਣੀ ਪਛਾਣ ਸਿੰਘੋ ॥੨॥
ਖਾਲਸਾ ਪ੍ਰਗਟ ਹੋਇਆ ਅਕਾਲ ਪੁਰਖ ਦੀ ਮੌਜ ਅੰਦਰ,
ਇਸ ਦੀਆਂ ਵੱਖਰੀਆਂ ਰਹੁ ਰੀਤਾਂ ਨੇ।
ਅਕਾਲ ਪੁਰਖ ਤਾਂਈ, ਇਹ ਪੂਜਣ ਵਾਲਾ,
ਸਬਦ ਗੁਰੂ ਨਾਲ ਜੋੜੀਆਂ ਇਸ ਪ੍ਰੀਤਾਂ ਨੇ।
ਬ੍ਰਾਹਮਣੀ ਸੋਚ ਉਪਰ ਪਹਿਰਾ ਦੇਂਦੇ ਸਿੱਖ ਆਗੂ ਜੋ
ਤਾਈਓ ਸਾਨੂੰ ਢਾਹ ਲਾਈ ਗੁਰੂ ਸ਼ਰੀਕਾਂ ਨੇ।
'ਬਾਦਸ਼ਾਹ ਪੁਰੀ' ਝੂਠ ਵਿਰੋਧ ਕਲਮ ਚਲਾਈ ਤੂੰ,
ਵਾਰ ਰੋਕਣੇ ਲਈ ਪੰਥ ਵੱਲ ਲੱਗੀਆਂ ਉਡੀਕਾਂ ਨੇ।

## ਵਾਹੁ ਵਾਹੁ ਗੋਬਿੰਦ ਸਿੰਘ ।

(ਗਿਆਨੀ ਸੋਹਨ ਸਿੰਘ ਸੀਤਲ)

ਹੱਸ ਸ਼ਹੀਦੀ ਪਾ ਗਿਆ ਜਦ ਲਾਲ ਛੁਟੇਰਾ
ਅੱਖਾਂ ਸਾਹਵੇਂ ਹੋ ਗਿਆ ਉਹ ਬੇਰਾ ਬੇਰਾ
ਉਂਗਲ ਲਾ ਕੇ ਲੈ ਗਿਆ ਉਹਨੂੰ ਵੀਰ ਵਡੇਰਾ
ਜੋੜੀ ਜੋੜੀ ਹੋ ਗਿਆ ਪਰਵਾਰ ਬਥੇਰਾ
ਹੱਥ ਬੰਨ੍ਹ ਬੋਲੇ ਸਤਿਗੁਰੂ, "ਵਾਹ ! ਭਾਣਾ ਤੇਰਾ
'ਤੇਰਾ ਤੁਝ ਕੋ ਸਉਪਤੇ ਕਿਆ ਲਾਗੈ ਮੇਰਾ',
'ਹੁਕਮ ਰਜਾਈ ਚਲਣਾ' ਜੋ ਕਰੇਂ, ਚੰਗੇਰਾ
ਪੰਥ ਵਸੇ ਮੈਂ ਉਜੜਾਂ, ਮਨ ਚਾਉ ਘਨੇਰਾ
ਹੋਵਾਂ ਤੈਥੋਂ ਸੁਰਖ਼ਰੂ ਪ੍ਰਣ ਪਾਲ ਉਚੇਰਾ"
ਵਾਹੁ ਵਾਹੁ ਗੋਬਿੰਦ ਸਿੰਘ ! ਵਾਹ ਤੇਰਾ ਜੇਰਾ

# ਕੇਸਕੀ ਤੇ ਸਿੰਘਣੀਆਂ

(ਵਲੋਂ ਬੀਬੀ ਪਰਮਜੀਤ ਕੌਰ)

ਅੱਜ ਕਲ੍ਹ ਕਈ ਵੀਰ ਭੈਣਾਂ ਸਿੰਘਾਂ ਲਈ ਤਾਂ ਕੇਸਕੀ ਨੂੰ ਠੀਕ ਮੰਨਦੇ ਹਨ ਪਰ ਇਸਤ੍ਰੀਆਂ ਲਈ ਇਸ ਦੀ ਵਰਤੋਂ ਯੋਗ ਨਹੀਂ ਸਮਝਦੇ। ਖ਼ਾਸ ਤੌਰ ਤੇ ਨਵਯੁਵਕ ਸਿੰਘ, ਬੀਬੀਆਂ ਲਈ ਇਸ ਦੀ ਵਰਤੋਂ ਪੁਰਾਤਨ ਜਾਂ ਵਹਿਮ-ਪ੍ਰਸਤੀ ਦੇ ਇਲਜ਼ਾਮ ਤੋਂ ਡਰਦੇ ਨਿਭਾਉਣ ਤੋਂ ਕਤਰਾਂਦੇ ਹਨ। ਇਸਦਾ ਸਿੱਟਾ ਇਹ ਹੁੰਦਾ ਹੈ ਕਿ ਮਾਤਾ ਪਿਤਾ ਤਾਂ ਕੇਸਕੀ ਦੀ ਰਹਿਤ ਦੇ ਪਾਬੰਦ ਹਨ, ਪਰ ਘਰ ਦੇ ਬੱਚੇ, ਖ਼ਾਸ ਕਰਕੇ ਬੀਬੀਆਂ ਇਸ ਰਹਿਤ ਤੋਂ ਵਾਂਞੀਆਂ ਹੀ ਰਹਿੰਦੀਆਂ ਹਨ। ਕਈ ਸਿਖ ਬੀਬੀਆਂ ਵਿੱਚ ਇਹ ਵਹਿਮ ਜਿਹਾ ਵੀ ਬੈਠ ਗਿਆ ਹੈ ਕਿ ਕੇਸਕੀ ਸਜਾਉਣ ਨਾਲ ਉਹਨਾਂ ਦੀ ਇਸਤ੍ਰੀਅਤ ਨਹੀਂ ਰਹਿੰਦੀ। ਇਹ ਬਾਣਾ (ਪਹਿਰਾਵਾ) ਇਸਤ੍ਰੀ-ਪੁਣੇ ਦੇ ਉਲਟ ਸਮਝਿਆ ਜਾਂਦਾ ਹੈ। ਕਿਉਂ ? ਇਸ ਲਈ ਕਿ ਹੋਰ ਕਿਸੇ ਭੀ ਮਤ ਵਿਚ ਇਹ ਸਿਰ ਦਾ ਲਿਬਾਸ ਇਸਤ੍ਰੀਆਂ ਵਿੱਚ ਪ੍ਰਚਲਤ ਨਾ ਹੋਣ ਕਰਕੇ, ਵਿਲੱਖਣ ਤੇ ਅਜੀਬ ਲਗਦਾ ਹੈ। ਇਸ ਸਬੰਧ ਵਿਚ ਹੇਠ ਲਿਖੇ ਵਿਚਾਰ ਪੇਸ਼ ਕੀਤੇ ਜਾਂਦੇ ਹਨ :-

ਇਹ ਕਿਹਾ ਜਾਂਦਾ ਹੈ ਕਿ ਸਿੰਘਣੀਆਂ ਕੇਸਾਂ ਨੂੰ ਦੁਪੱਟੇ ਆਦਿ ਨਾਲ ਢਕ ਸਕਦੀਆਂ ਹਨ। ਦੁਪੱਟਾ ਜਾਂ ਚੁੰਨੀ ਲਿਬਾਸ ਦਾ ਅੰਗ ਹੈ। ਇਸ ਦਾ ਓੜਨਾਂ ਜਾਂ ਨਾ ਓੜਨਾ ਕੋਈ ਗੁਰਮਤਿ ਜਾਂ ਮਨਮਤਿ ਦੀ ਗੱਲ ਨਹੀਂ। ਕੇਸਕੀ ਦੀ ਅਣ-ਹੋਂਦ ਵਿਚ ਚੁੰਨੀ ਸਿਰ ਤੋਂ ਲਾਹੀ ਰਖਣੀ ਸਿਰ ਨੂੰ ਨੰਗਾ ਕਰਦੀ ਹੈ। ਇਸ ਲਈ ਬੁਰਾਈ ਹੈ। ਪਰ ਕੀ ਅੱਜ ਕਲ੍ਹ ਕਿਸੇ ਬੀਬੀ ਕੋਲ ਕੋਈ ਅਜਿਹੀ ਚੁੰਨ. ਹੈ ਜਿਹੜੀ ਹਰ ਵਕਤ ਸੀਸ ਤੇ ਰਹਿੰਦੀ ਹੋਵੇ ਜਾਂ ਰਹਿ ਸਕਦੀ ਹੋਵੇ? ਦੁਪੱਟਾ ਜਾਂ ਚੁੰਨੀ ਵੀ ਉਨ੍ਹਾਂ ਸਿਰਾਂ ਤੇ ਹੀ ਟਿਕਦੀ ਹੈ ਜੋ ਸੀਸ ਕੇਸਕੀ ਨਾਲ ਸਸ਼ੋਭਤ ਹਨ। ਇਹ ਰਹਿਤ ਹੈ, ਨਾਲੇ ਲਿਬਾਸ।

ਫਿਰ ਸੋਚਣ ਵਾਲੀ ਗੱਲ ਇਹ ਹੈ ਕਿ ਸਿੱਖ ਇਸਤ੍ਰੀ ਕੇਸ ਕਿਉਂ ਰਖਦੀ ਹੈ ? ਕੀ ਇਸ ਲਈ ਕਿ ਉਸ ਦੇ ਦੇਸ਼ ਦੀਆਂ ਹੋਰ ਬਹੁ-ਗਿਣਤੀ ਇਸਤ੍ਰੀਆਂ ਕੇਸ ਰਖਦੀਆਂ ਹਨ ? ਅੱਜ ਕਲ੍ਹ ਹਿੰਦ-ਵਾਸੀ ਆਨਮਤੀ ਇਸਤ੍ਰੀਆਂ ਵਿਚ ਬਾਹਰਲੇ ਦੇਸ਼ਾਂ ਦੇ ਪ੍ਰਭਾਵ ਹੇਠ ਆਪਣੇ ਕੇਸਾਂ ਨੂੰ ਕਟਾ ਕੇ ਕਈ ਤਰ੍ਹਾਂ ਦੇ ਫ਼ੈਸ਼ਨ ਬਨਾਉਣ ਦੀ ਕੁਰੀਤੀ ਵੱਧ ਰਹੀ ਹੈ। ਰੱਬ ਨਾ ਕਰੇ ਜੇ ਇਹ ਬੀਮਾਰੀ ਇਤਨੀ ਵੱਧ ਜਾਵੇ ਕਿ ਭਾਰਤੀ, ਗ਼ੈਰ-ਸਿੱਖ ਮਰਦਾਂ ਵਾਂਗ ਗ਼ੈਰ-ਸਿੱਖ ਇਸਤ੍ਰੀਆਂ ਵੀ ਬਹੁ ਗਿਣਤੀ ਵਿਚ ਇਸ ਦਾ ਸ਼ਿਕਾਰ ਹੋ ਜਾਣ ਤਾਂ ਉਸ ਹਾਲਤ ਵਿਚ ਸਿਖ ਇਸਤ੍ਰੀਆਂ ਦਾ ਕਰਤਵ ਕੀ ਹੋਵੇਗਾ ?ਉਤਰ ਸਪੱਸ਼ਟ ਹੈ ਕਿ ਸਿੱਖ ਅੰਮ੍ਰਿਤਧਾਰੀ ਇਸਤ੍ਰੀਆਂ ਆਪਣੇ ਖ਼ਾਲਸਾ ਵੀਰਾਂ ਵਾਂਗ ਗੁਰੂ ਦਾ ਹੁਕਮ ਮੰਨ ਪ੍ਰਵਾਨ ਹੋਣਗੀਆਂ

ਸਿੱਖ ਇਸਤ੍ਰੀਆਂ ਦੇ ਕੇਸ ਬਾਕੀ ਇਸਤ੍ਰੀਆਂ ਵਾਂਗ ਆਪਣਾ ਸੁਹੱਪਣ ਪ੍ਰਗਟਾਉਣ ਜਾਂ ਹਾਰ-ਸ਼ਿੰਗਾਰ ਤੇ ਫ਼ੈਸ਼ਨ ਦਾ ਸਾਧਨ ਨਹੀਂ। ਇਹ ਇਕ ਅਸੂਲ ਅਤੇ ਹੁਕਮ ਦੀ ਪਾਲਣਾ ਦੇ ਅਧੀਨ ਹਨ। ਫ਼ੈਸ਼ਨ ਬਦਲਦੇ ਹਨ, ਪਰ ਅਸੂਲ ਨਹੀਂ। ਫਿਰ ਜੇਕਰ ਸਿੱਖ ਇਸਤ੍ਰੀ ਆਪਣੇ ਕੇਸਾਂ ਨੂੰ ਕਾਇਮ ਦਾਇਮ ਰਖਣ ਲਈ ਬਾਕੀ ਇਸਤ੍ਰੀਆਂ ਨਾਲੋਂ ਵੱਖਰਾ ਰਸਤਾ ਅਪਣਾ ਸਕਦੀ ਹੈ ਤਾਂ ਕੇਸਾਂ ਦੀ ਸੰਭਾਲ ਲਈ ਦੂਜਿਆਂ ਦੀ ਰੀਸ ਦੀ ਕੀ ਲੋੜ ਹੈ ? ਸਿੱਖ ਇਸਤ੍ਰੀ ਲਈ ਕੇਸਾਂ ਦਾ ਮੰਤਵ ਉਹ ਨਹੀਂ ਜੋ ਆਮ ਇਸਤ੍ਰੀ ਲਈ ਹੈ। ਸਿੱਖ ਇਸਤ੍ਰੀ ਦੀ ਨਜ਼ਰ ਵਿਚ ਕੇਸ ਸਿਰਫ਼ ਸਰੀਰ ਦਾ ਮੁੱਖ ਅੰਗ ਹੀ ਨਹੀਂ ਸਗੋਂ ਗੁਰਸਿਖੀ ਦਾ ਮੂਲ ਹਨ। ਉਸ ਨੇ ਕੇਸਾਂ ਨੂੰ ਸੁਆਸਾਂ ਦੇ ਅੰਤ ਤਕ ਨਿਭਾਉਣਾ ਹੈ ਤੇ ਇਸ ਤਰ੍ਹਾਂ ਹੀ ਸਿਖੀ ਨੇ ਕੇਸਾਂ ਨਾਲ ਨਿਭਣਾ ਹੈ। ਕੇਸਾਂ ਦਾ ਸਬੰਧ ਸਿਧਾ ਆਤਮਕ ਸ਼ਕਤੀ ਤੇ ਦਸਮ ਦੁਆਰ ਨਾਲ ਹੈ। ਆਤਮਾ ਦੀ ਸ਼ਕਤੀ ਦੇ ਇਸ ਸੋਮੇ ਨੂੰ ਸਰੀਰ ਦੇ ਵਿਸ਼ੇਸ਼ ਸਜਾਵਟ ਲਈ ਕਈ ਤਰ੍ਹਾਂ ਦੇ ਤੋੜ ਮੋੜ ਕੇ ਫ਼ੈਸ਼ਨ ਬਨਾਣੇ ਬੜੀ ਭਾਰੀ ਭੁੱਲ ਹੈ। ਕੇਸਾਂ ਨਾਲ ਜੋ ਕੁਦਰਤੀ ਸੋਭਾ ਹੈ ਉਹ ਸਾਨੂੰ ਮੁਬਾਰਕ ਹੈ। ਇਨ੍ਹਾਂ ਨੂੰ ਸਰੀਰ ਦਾ ਫ਼ਾਲਤੂ ਅੰਗ ਸਮਝ ਕੇ ਇਹਨਾਂ ਤੋਂ ਛੁਟਕਾਰਾ ਪਾਉਣਾ ਜਾਂ ਨਾਈ ਤੋਂ ਕਟਾ ਵੱਢਾ ਕੇ ਸਜਾਵਟ ਕਰਵਾਉਣੀ, ਜਾਂ ਛੋਟੇ ਕੇਸ ਹੋਣ ਤੇ ਬਨਾਵਟੀ ਕੇਸ ਲਾਉਣੇ ਨਿਰਾ ਹੋਛਾਪਨ ਹੈ। ਗੁਰਮਤਿ ਕੀ ਹੈ ? "ਸਾਬਤ ਸੂਰਤ ਦਸਤਾਰ ਸਿਰਾ" ਦੋਹਾਂ ਲਈ, ਭਾਵੇਂ ਮਰਦ ਹੈ ਭਾਵੇਂ ਇਸਤ੍ਰੀ। ਇਸ ਤੋਂ ਸਿੱਖ ਇਸਤ੍ਰੀ ਦੀ ਪਛਾਣ ਆਉਂਦੀ ਹੈ ਕਿ ਇਹ ਸਿੱਖ ਇਸਤ੍ਰੀ



www.AKJ.Org

ਹੈ। ਹਿੰਦੂ ਇਸਤ੍ਰੀ ਨਾਲੋਂ ਸਿੱਖ ਇਸਤ੍ਰੀ ਬਹੁਤ ਅਲੱਗ ਅਤੇ ਰੋਹਬ ਵਾਲੀ ਲਗਦੀ ਹੈ। ਇਕ ਅੰਗਰੇਜ਼ ਇਤਿਹਾਸਕਾਰ ਨੇ ਆਪਣੀ ਪ੍ਰਸਿਧ ਪੁਸਤਕ "ਹਿਸਟਰੀ ਆਫ਼ ਦੀ ਸਿਖਸ" ਵਿਚ ਸਿੱਖ ਇਸਤ੍ਰੀਆਂ ਸਬੰਧੀ ਲਿਖਿਆ ਹੈ :-

"The Sikh Woman are disstinguished from Hindus of their sex by some variety of dress, chiefly by a higher top knot of hair"

ਭਾਵ :- ਸਿੱਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਵਿੱਚ ਖਾਸ ਵਿਲੱਖਣਤਾ ਰਖਦੀਆਂ ਹਨ ਜੋ ਕਿ ਉਹਨਾਂ ਦੇ ਸਿਰ ਉੜੇ ਕੇਸਾਂ ਦੇ ਜੂੜੇ ਤੋਂ ਸਪਸ਼ਟ ਤੌਰ ਤੇ ਪ੍ਰਗਟ ਹੁੰਦਾ ਹੈ।

ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਕੇਸਕੀ ਨੂੰ ਕੌਮੀ ਚਿੰਨ੍ਹ ਦਰਸਾਉਂਦੇ ਹੋਏ ਲਿਖਦੇ ਹਨ :-

"ਦਸਤਾਰ ਕੌਮੀ ਚਿੰਨ੍ਹ ਸਮਝ ਕੇ ਤੇ ਕੇਸਾਂ ਦਾ ਪਹਿਰੇਦਾਰ ਸਮਝ ਕੇ ਸੀਸ ਤੇ ਸਜਾਉਣਾ ਜ਼ਰੂਰੀ ਹੈ।"

ਕੀ ਕੌਮ ਵਿੱਚ ਸਿਰਫ਼ ਮਰਦ ਹੀ ਸ਼ਾਮਲ ਹੁੰਦੇ ਹਨ ? ਨਹੀਂ। ਕੌਮ ਵਿਚ ਇਸਤ੍ਰੀ ਅਤੇ ਬੱਚੇ ਬੁੱਢੇ ਸਭ ਸ਼ਾਮਲ ਹੁੰਦੇ ਹਨ। ਸੋ ਜੇ ਕਰ ਕੇਸਕੀ ਸਿੱਖੀ ਦਾ ਕੌਮੀ ਨਿਸ਼ਾਨ ਹੈ ਤਾਂ ਇਹ ਨਿਸ਼ਾਨ ਇਸਤ੍ਰੀ ਮਰਦ ਦੋਹਾਂ ਲਈ ਜ਼ਰੂਰੀ ਹੈ, ਨਾ ਕਿ ਕੇਵਲ ਮਰਦ ਲਈ। ਇਸ ਲਈ ਇਸ ਕੌਮੀ ਨਿਸ਼ਾਨ ਤੋਂ ਵਿਹੂਣੀ ਸਿੱਖ ਇਸਤ੍ਰੀ ਇਕ ਤਰ੍ਹਾਂ ਖ਼ਾਲਸਾ ਕੌਮ ਦਾ ਅੰਗ ਹੋਣ ਤੋਂ ਇਨਕਾਰੀ ਹੋ ਜਾਂਦੀ ਹੈ।

ਅੰਮ੍ਰਿਤ ਸੰਸਕਾਰ ਸਮੇਂ ਸਭ ਅਧਿਕਾਰੀਆਂ ਨੂੰ ਹੁਕਮ ਹੁੰਦਾ ਹੈ ਬੋਲ :- ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ।" ਇਸ ਤਰ੍ਹਾਂ ਅਖਵਾ ਕੇ ਇਸਤ੍ਰੀ ਮਰਦ ਦੋਹਾਂ ਨੂੰ ਖ਼ਾਲਸਾ ਬਣਾ ਦਿਤਾ ਜਾਂਦਾ ਹੈ। ਇਸ ਤੋਂ ਉਪਰੰਤ ਵਚਨ ਕੀਤੇ ਜਾਂਦੇ ਹਨ ਜੋ ਸਭਨਾਂ ਲਈ ਸਾਂਝੇ ਹੁੰਦੇ ਹਨ। ਜੋ ਵਚਨ ਗੁਰੂ ਸਾਹਿਬ ਨੇ ਖ਼ਾਲਸੇ ਪ੍ਰਤਿ ਕੀਤੇ ਹਨ ਉਹ ਸਿੰਘਾਂ ਤੇ ਸਿੰਘਣੀਆਂ ਦੋਹਾਂ ਲਈ ਹਨ, ਕਿਉਂਕਿ ਉਹ ਅੰਮ੍ਰਿਤ ਛਕ ਕੇ ਦੋਵੇਂ ਹੀ ਖ਼ਾਲਸਾ ਬਣ ਜਾਂਦੇ ਹਨ।

ਇਸ ਤਰ੍ਹਾਂ ਸਜਾਏ ਖ਼ਾਲਸੇ ਨੂੰ ਦਸਮ ਪਾਤਸ਼ਾਹ ਫ਼ੁਰਮਾਉਂਦੇ ਹਨ :-

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌਂ ਕਰੋ ਨਿਵਾਸ॥

ਕੀ ਖ਼ਾਲਸੇ ਵਿਚ ਸ਼ਾਮਲ ਹੋ ਚੁਕੀਆਂ ਸਿੰਘਣੀਆਂ ਕੇਸਕੀ ਤੋਂ ਬਿਨਾਂ ਅਤੇ ਦਸਮ ਦੁਆਰੜੇ ਜੂੜੇ ਤੋਂ ਬਿਨਾਂ ਗੁਰੂ ਸਾਹਿਬ ਦੇ ਨਿਜ ਰੂਪ ਦੇ ਨੇੜੇ ਭੀ ਪਹੁੰਚ ਸਕਦੀਆਂ ਹਨ? ਇਕ ਗੁੱਤ, ਦੋ ਗੁੱਤਾਂ, ਧੌਣ ਤੇ ਸਿੱਧਾ ਪੁੱਠਾ ਜੂੜਾ ਜਾਂ ਕਿਸੇ ਹੋਰ ਤਰ੍ਹਾਂ ਕੇਸਾਂ ਤੋਂ ਵਿੰਗ ਤੜਿੰਗੇ ਫ਼ੈਸ਼ਨ ਗੁਰੂ ਸਾਹਿਬ ਦੇ ਖ਼ਾਸ ਰੂਪ ਦੇ ਨਿਸ਼ਾਨ ਹੋ ਸਕਦੇ ਹਨ ? ਕਦਾਚਿਤ ਨਹੀਂ।

ਪੁਰਾਤਨ ਸਿੰਘਣੀਆਂ ਇਸ ਰਹਿਤ ਦੀ ਧਾਰਨਾ ਪ੍ਰਪਕਤਾ ਨਾਲ ਕਰ ਕੇ, ਲੋਕ-ਲਾਜ ਦੀ ਪ੍ਰਵਾਹ ਨ ਕਰਦਿਆਂ ਹੋਇਆਂ, ਗੁਰੂ ਸਾਹਿਬ ਦੇ ਹੁਕਮਾਂ ਦੀ ਪਾਲਣਾ ਦ੍ਰਿੜ੍ਹਤਾ ਨਾਲ ਕਰਦੀਆਂ ਸਨ। ਇਸ ਲਈ ਆਪਣੇ ਇਤਿਹਾਸ ਵਲ ਗਹੁ ਨਾਲ ਵੇਖੋ ਅਤੇ ਵਿਚਾਰ ਭਰੀ ਨਜ਼ਰ ਨਾਲ ਦੇਖਦਿਆਂ ਤੇ ਉਹਨਾਂ ਸ਼ਹੀਦ ਸਿੰਘਣੀਆਂ ਜਿਨ੍ਹਾਂ ਦਾ ਜ਼ਿਕਰ ਅਸੀਂ ਹਰ ਰੋਜ਼ ਅਰਦਾਸ ਵਿਚ ਕਰਦੇ ਹਾਂ, ਉਸ ਤੋਂ ਉਤਸ਼ਾਹਿਤ ਹੁੰਦਿਆਂ ਅਜ ਦੀ ਸਿਖ ਇਸਤ੍ਰੀ ਦਾ ਕਰਤਵ ਬਣਦਾ ਹੈ ਕਿ ਉਹ ਆਪਣੀਆਂ ਰਵਾਇਤਾਂ ਨੂੰ ਬਰਕਰਾਰ ਰਖ ਕੇ ਪੂਰਨ ਰਹਿਣੀ ਬਹਿਣੀ ਵਾਲਾ ਜੀਵਨ ਬਤੀਤ ਕਰੇ। ਕੇਸਕੀ ਰਹਿਤ ਦਾ ਅੰਗ ਹੈ ਤੇ ਇਸਤ੍ਰੀਆਂ ਲਈ ਉਨ੍ਹਾ ਹੀ ਜ਼ਰੂਰੀ ਹੈ ਜਿੰਨਾ ਕਿ ਮਰਦਾਂ ਲਈ।

ਭੈਣੋ ! ਨਾ ਵੇਖੋ ਕਿ ਦੁਨੀਆ ਕੀ ਕਰਦੀ ਹੈ, ਨਾ ਸੁਣੋ ਦੁਨੀਆ ਕੀ ਕਹਿੰਦੀ ਹੈ, ਆਪਣੇ ਅਸੂਲਾਂ ਤੇ ਡਟ ਕੇ ਕਾਇਮ ਰਹੋ, ਸਤਿਗੁਰੂ ਦੀ ਓਟ ਲਵੋ, ਉਹ ਸਦਾ ਅੰਗ ਸੰਗ ਹਨ। ਸਤਿਗੁਰਾਂ ਦਾ ਤੇਜ ਤੇ ਉਹਨਾਂ ਦੀ ਸ਼ਕਤੀ ਹਰ ਰਹਿਤਵਾਨ ਸਿੰਘ ਸਿੰਘਣੀ ਵਿਚ ਵਿਚਰ ਰਹੀ ਹੈ। ਦਸਮ ਪਾਤਸ਼ਾਹ ਜੀ ਨੇ ਤੁਹਾਨੂੰ ਵਚਨ ਦਿਤਾ ਹੋਇਆ ਹੈ :-

"ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ ॥"

ਨਿਆਰਾਪਨ ਖ਼ਾਲਸੇ ਲਈ ਹੈ। ਸਿੰਘਣੀ ਉਸੇ ਤਰ੍ਹਾਂ ਹੀ ਖ਼ਾਲਸਾ ਹੈ ਜਿਸ ਤਰ੍ਹਾਂ ਸਿੰਘ। ਖਾਲਸੇ ਦਾ ਅੰਮ੍ਰਿਤ ਇਕ, ਰਹਿਤ ਇਕ। ਖਾਲਸੇ ਲਈ ਸਤਿਗੁਰਾਂ ਦਾ ਹੁਕਮ ਇਕ। ਖਾਲਸਾ ਭਾਵੇਂ ਮਰਦ ਹੈ ਭਾਵੇਂ ਇਸਤ੍ਰੀ।



www.AKJ.Org

ਦਸਮ ਪਾਤਸ਼ਾਹ ਦਾ ਦਰਸਾਇਆ ਨਿਆਰਾਪਨ ਕੀ ਹੈ ? ਫ਼ੈਸ਼ਨ ਦੇ ਝਖੜਾਂ ਤੂਫ਼ਾਨਾਂ ਵਿਚ ਆਪਣੇ ਅਸੂਲਾਂ ਤੇ ਡਟ ਕੇ ਕਾਇਮ ਰਹਿਣਾ ਹੀ ਨਿਆਰਾਪਣ ਹੈ। ਕਿਡੀ ਹਾਸੋ-ਹੀਣੀ ਗੱਲ ਹੈ ਕਿ ਸਿੰਘ ਤਾਂ ਸਤਿਗੁਰੂ ਦੀ ਬਖ਼ਸ਼ੀ ਰਹਿਤ-ਰਹਿਣੀ ਦਾ ਸਦਕਾ ਲੱਖਾਂ ਵਿਚੋਂ ਇਕ ਭੀ ਖਲੋਤਾ ਦੂਰੋਂ ਨਜ਼ਰ ਆ ਜਾਂਦਾ ਹੈ, ਪਰ ਸਿੰਘਣੀ ਐਸੀ ਮਿਲਗੋਭਾ ਹੋਈ ਵੀ ਹੈ ਕਿ ਲਭਿਆਂ ਲਭਦੀ ਹੀ ਨਹੀਂ, ਜ਼ਦ ਤਕ ਸਿੰਘ ਨਾਲ ਨ ਹੋਵੇ। ਨਾ ਸਿਰ ਤੇ ਕੇਸਾਂ ਦਾ ਜੂੜਾ ਨਾ ਕੇਸਕੀ, ਲਭੇ ਭੀ ਕਿਸ ਤਰ੍ਹਾਂ ?

ਅੰਮ੍ਰਿਤ ਛਕਣ ਵਾਲੀਆਂ ਕਈ ਬੀਬੀਆਂ ਦਾ ਕਈ ਵਾਰੀ ਸੁਆਲ ਹੁੰਦਾ ਹੈ ਕਿ ਕੀ ਉਹਨਾਂ ਨੂੰ ਕੇਸਕੀ ਦੀ ਮੁਆਫ਼ੀ ਨਹੀਂ ਮਿਲ ਸਕਦੀ? ਕੇਸਕੀ ਦੀ ਮੁਆਫ਼ੀ ਮੰਗਣ ਵਾਲੀਓ ਭੈਣੋ ! ਯਾਦ ਰਖੋ ਕਿ ਤੁਸਾਂ ਅੰਮ੍ਰਿਤ ਸੀਸ ਭੇਟਾ ਕਰ ਕੇ ਲੈਣਾ ਹੈ। ਜੇ ਕੇਸਕੀ ਦੀ ਮੁਆਫ਼ੀ ਮੰਗਦੀਆਂ ਹੋ ਤਾਂ ਕੀ ਸਤਿਗੁਰਾਂ ਨੂੰ ਨੰਗਾ ਸਿਰ ਭੇਟਾ ਕਰੋਗੀਆਂ ? ਅੱਜ ਕਲ੍ਹ ਦੀਆਂ ਸਿੰਘਣੀਆਂ ਕੇਸਕੀ ਤੋਂ ਮੁਆਫ਼ੀ ਮੰਗਦੀਆਂ ਹਨ, ਜੋ ਦੋ ਮਣ ਦਾ ਸਿਰ ਤੇ ਢੋਲ ਜਿਹਾ ਬਣਾ ਲੈਂਦੀਆਂ ਹਨ ਉਸ ਤੋਂ ਮੁਆਫ਼ੀ ਕਿਉਂ ਨਹੀਂ ਮੰਗਦੀਆਂ ?

ਅੱਜ ਕਲ੍ਹ ਭਾਰਤੀ ਸਭਿਅਤਾ ਗਿਰਾਵਟ ਵਲ ਜਾ ਰਹੀ ਹੈ। ਅਜ ਕਲ੍ਹ ਗੁਰਧਾਮਾਂ ਦੇ ਵਾਤਾਵਰਣ ਦਾ ਸਹੀ ਨਕਸ਼ਾ ਕਿਸੇ ਦਿਨ ਦਿਹਾੜੇ ਜਾਂ ਗੁਰਪੁਰਬਾਂ ਸਮੇਂ ਦੀਵਾਨ ਸਜੇ ਹੋਏ ਵਿਚ ਚੰਗੀ ਤਰ੍ਹਾਂ ਦੇਖਣ ਵਾਲਾ ਹੁੰਦਾ ਹੈ। ਭੜਕੀਲੇ ਪਹਿਰਾਵੇ, ਹੋਛੀਆਂ ਸਰੀਰਕ ਸਜਾਵਟਾਂ, ਤੰਗ ਅਤੇ ਸਰੀਰ ਦੀ ਬਣਤਰ ਤੇ ਸੁਹਣੇ -ਪਣ ਲਈਂ ਅੱਧ-ਨੰਗੇ ਲਿਬਾਸ। ਕੀ ਅਜਿਹਾ ਵਾਤਾਵਰਣ ਆਪਣੇ ਜਾਂ ਦੂਜਿਆਂ ਦੇ ਮਨਾਂ ਦੀ ਮੈਲ ਦੂਰ ਕਰਨ ਵਾਲਾ ਹੁੰਦਾ ਹੈ ? ਇਹਨਾਂ ਹਾਲਤਾਂ ਵਿਚ ਇਕ ਕੇਸਕੀ ਦੀ ਰਹਿਤ ਧਾਰਨ ਕਰਨ ਵਾਲਾ ਇਸ ਰੋਹੜ ਵਿਚ ਰੁੜ੍ਹਨੋਂ ਰੁਕਾਵਟ ਪੈ ਜਾਂਦੀ ਹੈ। ਕੇਸਕੀ ਸਜਾ ਕੇ ਇਸਤ੍ਰੀ ਨੂੰ ਸਭ ਫ਼ੈਸ਼ਨ ਛੱਡਣੇ ਪੈਂਦੇ ਹਨ। ਇਸ ਲਈ ਹੀ ਬੀਬੀਆਂ ਕੇਸਕੀ ਤੋਂ ਮੁਆਫ਼ੀ ਮੰਗਦੀਆਂ ਹਨ।

ਕੇਸਕੀ ਰਹਿਤ ਨਾਲ ਸੁਸ਼ੋਭਤ ਬੀਬੀਆਂ ਭੈਣਾਂ ਦਾ ਪ੍ਰਭਾਵ ਵੀ ਕੁਝ ਐਸਾ ਪੈਂਦਾ ਹੈ ਕਿ ਕਿਸੇ ਮਲੀਨ ਪੁਰਸ਼ ਦੀ ਮੈਲੀ ਅੱਖ ਉਸ ਵਲ ਨਹੀਂ ਉਠ ਸਕਦੀ। ਇਉਂ ਪ੍ਰਤੀਤ ਹੁੰਦਾ ਹੈ ਕਿ ਦੂਰ-ਦਰਸ਼ੀ ਪਾਤਸ਼ਾਹ ਜੀ ਨੇ ਆਉਣ ਵਾਲੇ ਹਾਲਾਤ ਨੂੰ ਦੇਖਦਿਆਂ ਖ਼ਾਲਸਾਂ ਘਰਾਣਿਆਂ ਨੂੰ ਇਸ ਬੀਮਾਰੀ ਤੋਂ ਬਚਣ ਲਈ ਕੇਸਕੀ ਦਾ ਪੱਕਾ ਪਹਿਰਾ ਲਗਾ ਦਿੱਤਾ ਹੈ। ਪਰ ਅਜ ਕਲ੍ਹ ਦੀਆਂ ਬੀਬੀਆਂ ਇਹਨਾਂ ਗੱਲਾਂ ਵਲ ਬਿਲਕੁਲ ਧਿਆਨ ਨਹੀਂ ਦਿੰਦੀਆਂ।

ਅਜ ਕਲ੍ਹ ਜਿਹੜੀਆਂ ਬੀਬੀਆਂ ਨੇ ਕੇਸਕੀ ਧਾਰਨ ਕੀਤੀ ਹੋਈ ਹੈ ਉਹ ਭੀ ਕਈ ਕੇਸਕੀ ਨੂੰ ਇਸ ਢੰਗ ਨਾਲ ਸਜਾਉਂਦੀਆਂ ਹਨ ਕਿ ਕੇਸਕੀ ਸਜਾਉਣ ਤੇ ਭੀ ਅੱਧੇ ਕੇਸ ਨੰਗੇ ਰਹਿੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਬੀਬੀ ਨੇ ਪੱਫ ਕੀਤਾ ਹੋਵੇ ਭੈਣੋ ! ਫ਼ੈਸ਼ਨ ਵਲ ਨਾ ਜਾਵੋ, ਉਸ ਦਸਮ ਪਾਤਸ਼ਾਹ ਦੀ ਬਖ਼ਸ਼ੀ ਦਾਤ ਨੂੰ ਕੇਸਕੀ ਸੁਆਸਾਂ ਨਾਲ ਨਿਭਾਉਣਾ ਹੈ। ਸੋ ਸਾਡਾ ਫ਼ਰਜ਼ ਹੈ ਕਿ ਅਸੀਂ ਉਹ ਕੇਸਾਂ ਸੁਆਸਾਂ ਨਾਲ ਨਿਭਾਈਏ।

ਕੇਸਕੀ ਦੀ ਰਹਿਤ ਵਾਲੀਆਂ ਬੀਬੀਆਂ ਦੂਰੋਂ ਹੀ ਬਹੁਤ ਰੋਹਬ ਵਾਲੀਆਂ ਲਗਦੀਆਂ ਹਨ। ਜਿਥੇ ਮਰਜ਼ੀ ਕੋਈ ਬੀਬੀ ਖੜੀ ਹੋਵੇ, ਦੇਖਣ ਵਾਲਾ ਇਕ ਮਿੰਟ ਵਿਚ ਪਛਾਣ ਲੈਂਦਾ ਹੈ ਕਿ ਇਹ ਖ਼ਾਲਸਾ ਬੀਬੀ ਹੈ।

ਇਹ ਸਭ ਕੁਝ ਜਾਣਦੇ ਹੋਏ ਭੀ ਅਗਰ ਅਸੀਂ ਫਿਰ ਆਨਮਤ ਕਰੀਏ ਤਾਂ ਅਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਕਿਤਨੀ ਕੁ ਢਹਿੰਦੀ ਕਲਾ ਵੱਲ ਜਾ ਰਹੇ ਹਾਂ। ਮੇਰੇ ਪਿਤਾ ਸਮਾਨ ਭਾਈ ਹਰਿਨੇਕ ਸਿੰਘ ਜੀ (ਸਹੌਲੀ ਵਾਲੇ) ਜਿਨ੍ਹਾਂ ਨੇ ਥੋੜੀ ਉਮਰ ਵਿੱਚ ਹੀ ਘੋਰ ਕਮਾਈਆਂ ਕੀਤੀਆਂ ਤੇ ਗੁਰਮੁਖ ਜੀਵਨੀ ਦੀ ਝਲਕ ਦਿਖਾ ਕੇ ਅਲੋਪ ਹੋ ਗਏ, ਕਿਹਾ ਕਰਦੇ ਸਨ ਕਿ ਸਿੰਘਣੀ ਦਾ ਆਤਮਕ ਜੀਵਨ ਉਸਦੀ ਸਜਾਈ ਕੇਸਕੀ ਤੋਂ ਜੇ ਪੂਰਾ ਨਹੀਂ ਤਾਂ ਬਹੁਤ ਹਦ ਤਕ ਅਨੁਭਵ ਕੀਤਾ ਜਾ ਸਕਦਾ ਹੈ। ਉਹਨਾਂ ਦਾ ਕਹਿਣਾ ਸੀ ਕਿ ਕੇਸਕੀ ਨਾਲ ਪੂਰੇ ਕੇਸ ਹੀ ਨਹੀਂ, ਬਲਕਿ ਮੱਥੇ ਦਾ ਉਪਰ ਦਾ ਹਿੱਸਾ ਭੀ ਕਜਣਾ ਜ਼ਰੂਰੀ ਹੈ।

ਭੈਣਾਂ ਅੱਗੇ ਮੇਰੀ ਬੇਨਤੀ ਹੈ ਕਿ ਉਹ ਕਲਜੁਗ ਦੇ ਝੱਖੜਾਂ ਤੂਫ਼ਾਨਾਂ ਤੋਂ ਬਚਣ। ਅਤੇ ਕਲਜੁਗ ਦੇ ਫ਼ੈਸ਼ਨਾਂ ਨੂੰ ਛੱਡ ਕੇ ਗੁਰੂ ਦੀਆਂ ਲਾਡਲੀਆਂ ਬਣਨ। ਇਸ ਨਾਲ ਇਸ ਕਾਲ ਵਿਚ ਭੀ ਮਾਣ ਤੇ ਵਡਿਆਈਆਂ ਪ੍ਰਾਪਤ ਹੁੰਦੀਆਂ ਹਨ। ਸਾਡੀ ਇਹ ਹੀ ਵਾਹਿਗੁਰੂ ਅੱਗੇ ਬੇਨਤੀ ਹੈ ਕਿ ਭਵਿੱਖਤ ਕਾਲ ਵਿਚ ਸਾਨੂੰ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਰਹੇ।


www.AKJ.Org

# ਅੰਮ੍ਰਿਤ

(ਭਾਈ ਸਾਹਿਬ ਭਾਈ ਵੀਰ ਸਿੰਘ ਜੀ)

ਹਰੇਕ ਸਿਖ ਨੂੰ ਅੰਮ੍ਰਿਤ ਛਕਣਾ ਜ਼ਰੂਰੀ ਹੈ। ਬਿਨਾਂ ਅੰਮ੍ਰਿਤ ਛਕੇ ਦੇ ਕੋਈ ਪੁਰਖ ਸਿੰਘ ਨਹੀਂ ਕਹਾ ਸਕਦਾ। ਜਿਸ ਪ੍ਰਕਾਰ ਵਿਆਹ ਨਾਲ ਇਸਤ੍ਰੀ ਕਰਤਾ ਦੀ ਅਰਧੰਗੀ ਬਣਦੀ ਹੈ, ਇਸੀ ਪ੍ਰਕਾਰ ਅੰਮ੍ਰਿਤ ਛਕਣੇ ਤੇ ਪੁਰਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਤਮਕ ਪੁਤਰ ਬਣ ਕੇ, ਉਨ੍ਹਾਂ ਦੇ ਬਖਸ਼ੇ ਹੋਏ ਆਤਮਿਕ ਤੇ ਸਰੀਰਕ ਬਲ ਨੂੰ ਪ੍ਰਾਪਤ ਕਰਕੇ ਜਗਤ ਵਿਚ ਪਰਉਪਕਾਰੀ ਜੀਵਨ ਬਤੀਤ ਕਰਦਾ ਹੈ ਤੇ ਅੰਤ ਨੂੰ ਸੱਚ ਖੰਡ ਵਿਚ ਨਿਵਾਸ ਪਾਉਂਦਾ ਹੈ। ਅੰਮ੍ਰਿਤ ਦੀ ਸ਼ਕਤੀ ਪਰਤੱਖ ਵਿਦਿਤ ਹੈ ਕਿ ਕਮਜੋਰ ਤੇ ਧਰਮ ਹੀਨ ਪਰਜਾ ਵਿਚੋਂ ਇਸੇ ਦੀ ਸ਼ਕਤੀ ਨਾਲ ਗੁਰੂ ਜੀ ਨੇ ਬਹਾਦਰ ਤੇ ਧਰਮੀ ਖਾਲਸਾ ਸਜਾਇਆ ਇਸੇ ਦੇ ਅਸਰ ਨਾਲ ਚਿੜੀਆਂ ਨੇ ਬਾਜ ਤੋੜੇ ਇਸੇ ਦੇ ਅਸਰ ਨਾਲ 20-20 ਆਦਮੀਆਂ ਨੇ ਹਜ਼ਾਰਾਂ ਦੇ ਮੂੰਹ ਮੋੜੇ ਇਸੇ ਦੇ ਅਸਰ ਨਾਲ ਚੋਰਾਂ ਨੇ ਚੋਰੀਆਂ ਤੇ ਵਿਸ਼ਈਆਂ ਨੇ ਵੈਲਦਾਰੀਆਂ ਦਾ ਤਿਆਗ ਕਰਕੇ ਧਰਮ ਗ੍ਰਹਿਣ ਕੀਤਾ ਇਸੇ ਦੇ ਅਸਰ ਨੂੰ ਫ਼ੌਜੀ ਅੰਗਰੇਜ਼ਾਂ ਨੇ ਮੰਨਿਆ ਅਰ ਹਰ ਸਿੰਘ ਸਿਪਾਹੀ ਵਾਸਤੇ ਇਸ ਨੂੰ ਜ਼ਰੂਰੀ ਰਖਿਆ।

ਅੰਮ੍ਰਿਤ ਛਕਣ ਤੇ ਪੁਰਖ ਨੂੰ ਸ੍ਵਧਰਮ ਦੀ ਸੂਝ ਆਉਂਦੀ ਹੈ, ਅਰ ਗੁਰੂ ਦੀ ਸਹਾਇਤਾ ਨਾਲ ਪਾਪਾਂ ਦੀ ਮੈਲ ਦੂਰ ਹੁੰਦੀ ਹੈ।

(ਪੰਨਾ ੨੪ ਦਾ ਬਾਕੀ ..)

ਸਮਿੱਥ ਸਾਹਿਬ ਨੇ, ਜਦ ਇਹ ਅਗੰਮੀ ਰਾਜ਼ ਬਖੂਬੀ ਸਮਝ ਲਿਆ, ਤਾਂ ਉਹ ਬੇਹੱਦ ਖੁਸ਼ ਹੋਇਆ, ਉਠਕੇ ਮੈਨੂੰ ਜੱਫੀ ਵਿਚ ਭਰ ਲਿਆ ਤੇ ਮੁਖੋਂ, ਨਾਈਸ, ਵੈਰੀ ਨਾਈਸ, ਫਾਈਨ, ਵੈਰੀ ਫਾਈਨ, ਐਕਸੀਲੈਂਟ, ਕਹਿਣ ਲੱਗ ਪਿਆ। ਤੇ ਇਸ ਖ਼ੁਸ਼ੀ ਵਿਚ ਮੇਰਾ ਕੱਦ ਫ਼ਖ਼ਰ ਨਾਲ ਗਿਠ ਭਰ ਉਚਾ ਹੋਰ ਵਧ ਗਿਆ।

ਆਖਰ ਵਿਚ ਖ਼ੁਸ਼ੀ ਨਾਲ ਝੂਮਦਿਆਂ ਉਸ ਨੇ ਮੈਨੂੰ ਇਹ ਸਵਾਲ ਕੀਤਾ, "ਮਾਈ ਡੀਅਰ ਸਿੰਘ, ਜਦ ਤੁਹਾਡੇ ਗੁਰਸਿਖ ਪਰਿਵਾਰ ਦਾ ਪਿਤਾ ਇਕ, ਮਾਤਾ ਇਕ, ਜਨਮ ਅਸਥਾਨ ਇਕ, ਜੈਕਾਰਾ ਇਕ, ਤੇ ਨਾਅਰਾ ਇਕ ਹੈਂ, ਤਾਂ ਤੁਹਾਡੇ ਭਾਈਚਾਰੇ ਵਿਚ ਤਾਂ ਕੋਈ ਵਿਤਕਰਾ, ਇਖਤਲਾਫ਼ਾਤ, ਦੂਈ ਦਵੈਤ, ਆਦਿ ਬਿਲਕੁਲ ਨਹੀਂ ਹੋਵੇਗਾ, ਤੇ ਮੁਕੰਮਲ ਤੌਰ ਤੇ ਆਪਸ ਵਿਚ ਇਤਫਾਕ ਹੋਵੇਗਾ।"

ਜਵਾਬ ਵਿਚ ਮੈਂ ਡਾਢੇ ਦੁਖੀ ਮਨ ਨਾਲ ਸਿਥਲ ਜਿਹੀ ਆਵਾਜ਼ ਵਿਚ ਜਵਾਬ ਦਿਤਾ, ਪਿਆਰੇ ਸਮਿੱਥ ਸਾਹਿਬ, ਸਾਡੇ ਵਡੇਰੇ ਗੁਰਸਿੱਖ ਪਰਿਵਾਰ ਵਿਚ ਬੜੇ ਬੜੇ ਨਾਮੀ ਗਰਾਮੀ, ਡਾਕਟਰ; ਇੰਜਨੀਅਰ, ਫਲਾਸਫਰ, ਸਾਇੰਸਦਾਨ, ਵਿਦਵਾਨ, ਗੁਣਵਾਨ, ਸੰਤ ਸਿਪਾਹੀ, ਵਧੀਆ ਜਵਾਨ ਤੇ ਮਿਹਨਤੀ ਕਿਸਾਨ, ਭਗਤੀ ਤੇ ਸ਼ਕਤੀ ਦੇ ਮੁਜੱਸਮੇ, ਦੇਸ਼ ਤੇ ਧਰਮ ਦੇ ਰਖਸ਼ਕ ਤੇ ਮਰਦ ਅਗੰਮੜੇ ਆਦਿ ਅਨੇਕਾਂ ਬੇਹਤਰੀਨ ਇਨਸਾਨ ਮੌਜੂਦ ਹਨ, ਤੇ ਦੁਨੀਆਂ ਦੇ ਸਭ ਐਸ਼ੰਵਰਜ ਦੇ ਸਾਮਾਨ ਵੀ ਮੌਜੂਦ ਹਨ। ਪਰ ਅਫ਼ਸੋਸ, ਸਮਿੱਥ ਸਾਹਿਬ, ਸਾਡੇ ਵਡੇਰੇ ਗੁਰਸਿਖ ਪਰਿਵਾਰ ਵਿਚ ਇਤਫਾਕ ਨਾਮ ਦੀ ਕੋਈ ਚੀਜ਼ ਵੀ ਨਹੀਂ ਬਚੀ, ਅਸੀਂ ਗਾਫਲਾਂ ਨੇ ਉਹ ਸਭ ਤੋਂ ਵੱਡੀ ਦੁਨਿਆਵੀ ਨੇਅਮਤ ਸਾਰੀ ਹੀ ਸਾਰੀ ਆਪਣੇ ਗਫਲਤ ਤੇ ਲਾਪ੍ਰਵਾਹੀ ਕਾਰਨ ਹੀ ਗਵਾ ਦਿਤੀ ਹੈ, ਤੇ ਸਦਾ ਲਈ ਹੀ ਲੁਟਾ ਦਿਤੀ ਹੈ।

ਇਸ ਦੇ ਨਾਲ ਹੀ ਸ਼ਰਮ ਤੇ ਗਿਲਾਨੀ ਦੇ ਕਾਰਨ ਮੇਰਾ ਉਚੇਰਾ ਕੱਦ ਗਿਠ ਭਰ ਨੀਵਾਂ ਹੋ ਗਿਆ। ਅਤੇ ਮੇਰੇ ਕੱਦ ਦੇ ਨਾਲ ਨਾਲ ਮੇਰੇ ਮੁਖੜੇ ਦਾ ਐਵਰੈਸਟ ਦੀਆਂ ਸਿਖਰਾਂ ਛੋਹ ਰਿਹਾ ਜਲਾਲ ਵੀ ਨੀਵਾਂ ਹੋ ਗਿਆ।


www.AKJ.Org

# ਪਤਿਤ ਨੌਜਵਾਨਾ ਦੇ ਨਾਂ..........।

(ਭਾਈ ਗੁਰਤੇਜ ਸਿੰਘ ਬਾਦਸ਼ਾਹ ਪੁਰੀ)

ਐ ਨੌਜੁਆਨੋ ਤੁਹਾਨੂੰ ਕੇਸਗੜ੍ਹ ਦਾ ਵਾਸਤਾ ਏ,
ਭੁਲੇ ਵੀਰੋ ਤੁਸੀ ਇਹ ਸੁਣੋ ਕੌਮ ਦੀ ਦਾਸਤਾ ਏ।
ਸਿਰਾਂ ਵੱਟੇ ਗੁਰਾਂ ਸਾਨੂੰ ਬਖਸੀਆਂ ਸਰਦਾਰੀਆਂ ਨੇ।
ਕੇਸ ਦਾੜੀ ਮੁਨਾ ਕਿਉ ਕਰਦੇ ਗਦਾਰੀਆਂ ਨੇ।
ਸਾਬਤ ਸੂਰਤ ਭੰਨ ਆਪਾਂ ਹੋਈਏ ਨਾ ਬੇਈਮਾਨ ਭਾਈ,
ਰਹਿਣੀ ਸਹਿਣੀ ਵਿੱਚ ਹੋ ਪ੍ਰਪੱਕ ਕਰੀਏ ਮਹਾਨ ਕਮਾਈ।
ਦਾਹੜਾ ਕੇਸ ਨੇ ਮਰਦ ਦੀ ਇਹ ਸ਼ਾਨ ਸਿੰਘੋ
ਜੱਗ ਵਿੱਚ ਸੋਭਾ ਪਾਵੇ ਨਾਹੀ ਬੇਮੁੱਖ ਇਨਸਾਨ ਸਿੰਘੋ।
ਦਾੜੀ ਮੁਛ ਕਟਵਾਕੇ ਬਣੇ ਨਿੱਤ ਬੇਈਮਾਨ ਜੋ,
ਸਭ ਦੀਆਂ ਨਜਰਾਂ ਵਿੱਚ ਗਿਰਦਾ ਇਨਸਾਨ ਉਹ।
ਕੇਸ ਕਟਵਾ ਅਣਖ ਤਾਂਈ ਰੋਲੀ ਜਾਵੇ ਇਹ ਬੰਦਾ,
ਇਹ ਰੋਮਾਂ ਦੀ ਬੇਅਦਬੀ ਕਰਨੀ ਛੱਡ ਦੇ ਤੂੰ ਧੰਦਾ।
ਕਲਗੀਧਰ ਦੀ ਰਹੇਗੀ ਸਦਾ ਹੀ ਲਲਕਾਰ ਹੈ ਤੈਨੂੰ,
ਗੁੜਤੀ ਦੇ ਆਪਣੇ ਜੈਸਾ ਬਣਾਇਆ ਸੀ ਸਰਦਾਰ ਹੈ ਤੈਨੂੰ।
ਕਰ ਲੋ ਸੰਭਾਲ ਦੋਸਤੋ ਤੁਸੀ ਪਿਆਰੇ ਕੇਸਾਂ ਦੀ,
ਨਕਲ ਕਰਨੀ ਛੱਡੋ ਸਾਰੇ ਇਹਨਾਂ ਪਛਮੀ ਦੇਸਾਂ ਦੀ।
ਰੱਖ ਕੇ ਕੇਸ ਅਖਵਾਈਏ ਕਲਗੀਧਰ ਦੇ ਪੁੱਤਰ ਭਾਈ।
ਅਣਖ ਲੁਟਾ ਕੇ ਗੈਰਾਂ ਤੋਂ ਅਖਵਾਈਏ ਨਾ ਕਪੁੱਤਰ ਤਾਂਈ।
ਬੇਦਾਵਾ ਲਿਖ ਨਾ ਆਪਾਂ ਦਸਮੇਸ ਦੇ ਹੱਥ ਫੜਾਉਣਾ ਏ,
ਜੋ ਲਿਖਿਆ ਬੇਦਾਵਾ ਪ੍ਰਣ ਕਰ ਆਪਾਂ ਪੜਵਾਉਣਾ ਏ।
ਕੌਮ ਦੇ ਇਹਨਾਂ ਚਿੰਨਾਂ ਤਾਂਈ ਕਦੇ ਕਟਾਵੋ ਨਾ,
ਮੂੰਹ ਸਿਰ ਮੁਨਾ ਤੇਲ ਕੌਮ ਦੀ ਜੜੀ ਪਾਵੋ ਨਾ।
ਹੁਣ ਬਾਦਸ਼ਾਹ ਪੁਰੀ ਪਤਿਤ ਪੁਣੇ ਦੀ ਹਨੇਰੀ ਰੁਕਾਵੀਂ ਤੂੰ,
ਕੇਸਾਂ ਦੇ ਸਤਿਕਾਰ ਲਈ ਨੌਜੁਆਨਾ 'ਚ ਜਾਗਰਤੀ ਲਿਆਣੀ ਤੂੰ।

---

## ਹਿਰਦੇ ਵਸਾਉਣ ਵਾਲੀ ਕਥਾ

ਹਰਿ ਕੀ ਕਥਾ ਹਿਰਦੈ ਬਸਾਵੈ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ॥

(ਸੁਖਮਨੀ ਸਾਹਿਬ, ਅਸਟਪਦੀ ੯)

ਹਿਰਦੇ ਵਸਾਉਣ ਵਾਲੀ ਕਥਾ ਸਿਵਾਏ ਨਾਮ ਤੋਂ ਹੋਰ ਕਿਹੜੀ ਹੋ ਸਕਦੀ ਹੈ ? ਹਰਿ ਕੀ ਕਥਾ ਅਸੀਂ ਹਿਰਦੇ ਵਿਚ ਵਸਾਉਣੀ ਹੈ। ਜੋ ਗਪੌੜ-ਸੰਖੀ ਕਥਾ ਆਮ ਕਥੋਗੜ ਪੁਰਸ਼ ਕਰਦੇ ਹਨ, ਕੀ ਉਹ ਸਾਰੀ ਗੱਲ ਗਲੋਚੜੀ ਵਿਥਿਆ ਹਿਰਦੇ ਅੰਦਰਿ ਵਸਾਉਣ ਦੇ ਲਾਇਕ ਹੈ ਜਾਂ ਕਦ ਹਿਰਦੇ ਅੰਦਰਿ ਵਸਾਈ ਜਾ ਸਕਦੀ ਹੈ ? ਕਥੋਗੜ ਗਿਆਨੀ ਏਧਰ ਓਧਰਲੀਆਂ ਕਥਾਂ ਪਾ ਕੇ ਭੁਲ ਜਾਂਦੇ ਹਨ। ਏਥੇ ਤਾਂ 'ਹਰਿ-ਕਥਾ' ਉਹ ਹੈ ਜੋ ਹਰਿ-ਕਥਾ ਕਰਨ ਵਾਲੇ ਅਭਿਆਸੀ ਜਨ ਸੱਚੇ ਗੁਰਮੁਖ ਪੰਡਿਤ ਨੂੰ ਫੇਰ ਜੋਨੀਆਂ ਵਿਚ ਨਹੀਂ ਲਿਆਉਂਦੀ। ਬਸ ਇਹ ਹਿਰਦੇ ਵਿਚਿ ਵਸਣ ਰਸਣ ਵਾਲੀ ਕਥਾ ਸਿਵਾਏ ਨਾਮ ਬਾਣੀ ਤੋਂ ਹੋਰ ਨਹੀਂ ਹੋ ਸਕਦੀ।

(ਭਾ: ਸਾ: ਭਾ: ਰਣਧੀਰ ਸਿੰਘ ਜੀ ਰਚਿਤ ''ਕਥਾ ਕੀਰਤਨ'' ਚੋਂ)



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਜੁਲਾਈ ੯੯)

## ੨੨-ਗੁਰ ਕਾ ਸਬਦੁ ਕਾਟੇ ਕੋਟਿ ਕਰਮ

ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥
ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤ ॥
॥੪॥੫॥ (ਕਾਨੜਾ ਮ: ੪, ਪੰਨਾ ੧੨੯੬)

ਭਾਵਾਰਥ– ਅਪ੍ਰਾਧੀਆਂ ਦੇ ਘੋਰ ਪਾਪ ਚਾਹੇ ਕਿਤਨੇ ਹੀ ਬਹੁਤੇ ਕੀਤੇ ਹੋਏ ਹੋਣ, ਸਤਿਗੁਰੂ ਨੇ ਕਟਦੇ ਕਟਦੇ ਸਾਰੇ ਹੀ ਕੱਟ ਸਿਏ। ਸਤਿਗੁਰੂ ਅੱਤ ਬਜਰ ਪਾਪਾਂ ਨੂੰ ਕੱਟਦਾ ਕੱਟਦਾ ਸਾਰੇ ਹੀ ਕੱਟ ਦਿੰਦਾ ਹੈ। ਕਿਵੇਂ ਕਟਦਾ ਹੈ? ਜਿਸ ਜਨ ਦੇ ਪਾਪ ਕਟਣੇ ਸਤਿਗੁਰੂ ਨੇ ਠਾਣੇ ਹੋਏ ਹੋਣ, ਉਸ ਜਨ ਦੇ ਮੁਖ ਵਿਖੇ ਅੰਮ੍ਰਿਤ ਰੂਪੀ ਪਾਰਸ ਨਾਮ ਦੀ ਅਉਖਧੀ ਦੇ ਦਿੰਦਾ ਹੈ। ਜਿਸ ਅੰਮ੍ਰਿਤ ਨਾਮ ਰੂਪੀ ਅਉਖਧੀ ਦੀ ਕਲਾ ਦੁਆਰਾ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲਿ ਉਹ ਪਤਿਤ ਤੋਂ ਪੁਨੀਤ ਹੋ ਜਾਂਦਾ ਹੈ। ਇਹ ਅਉਖਧੀ ਗੁਰੂ ਨਾਨਕ ਸਾਹਿਬ ਦੇ ਘਰ ਵਿਚਿ ਹੀ ਹੈ, ਹੋਰ ਕਿਤੇ ਨਹੀਂ। ਗੁਰਮਤਿ ਨਾਮ ਦੀ ਇਹ ਪਾਰਸ-ਰਸਾਇਣੀ ਅਉਖਧੀ ਅਣਗਿਣਤ ਪਾਪ ਕਰਮਾਂ ਨੂੰ ਕੱਟ ਕੇ, ਪਾਪ-ਕਰਮੀ ਪਤਿਤ-ਦਿਲ ਵਾਲਿਆਂ ਨੂੰ ਪਾਵਨ ਪਵਿੱਤਰ ਕਰ ਦਿੰਦੀ ਹੈ। ਐਸਾ ਪਾਰਸ-ਪ੍ਰਭਾਵੀ ਪਤਿਤ-ਪਾਵਨੀ ਨਾਮ ਹੈ ਗੁਰਮਤਿ ਰਸਾਇਣੀ ਟਕਸਾਲ ਦਾ, ਜੋ ਗੁਰੂ ਨਾਨਕ ਦੇ ਘਰ ਵਿਚਿ ਹੀ ਟਕਸਾਲਿਆ ਜਾਂਦਾ ਹੈ।

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ
ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧਹਾਧੋ ॥੧॥
ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ
ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ॥
ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ
ਸੋ ਆਪਿ ਤਰੈ ਕੁਲ ਸਗਲੇ ਤਰਾਧੋ ॥੨॥੫॥੧੧॥
(ਕਾਨੜਾ ਮ: ੪, ਪੰਨਾ ੧੨੯੭)

ਭਾਵ-ਅਰਥ – ਜਿਉਂ ਪਾਰਸ ਨੂੰ ਛੋਹ ਕੇ ਘਟੀਆਂ ਤੋਂ ਘਟੀਆਂ ਨਿਕੰਮਾ ਲੋਹਾ ਭੀ ਸੋਨਾ ਹੋ ਜਾਂਦਾ ਹੈ, ਤਿਉਂ ਪਤਿਤ ਕਰਮੀ ਪਾਤਿਕ ਜਨ ਗੁਰੂ ਦੀਆਂ ਸੰਗਤਾਂ ਨੂੰ ਮਿਲ ਕੇ ਗੁਰਮਤਿ ਦੀ ਸਿਖਿਆ ਗ੍ਰਹਿਣ ਕਰ ਕੇ ਅਤੇ ਗੁਰਮਤਿ ਕਰਮ ਉਤੇ ਅਮਲ-ਪੈਰਾ ਹੋ ਕੇ ਨਿਰੋਲ ਸ਼ੁੱਧ, ਬਾਰ੍ਹਾਂ ਵੰਨ੍ਹੀ ਦੇ ਸੋਨੇ ਵਾਂਗੂੰ ਸ਼ੁਧ ਅਤੇ ਖਾਲਸ ਹੋ ਜਾਂਦਾ ਹੈ। ਉਸ ਦੇ ਪਾਪ-ਕਰਮਾਂ ਦੀ ਸਾਰੀ ਮੈਲ ਕਟੀ ਜਾਂਦੀ ਹੈ। ਜਿਵੇਂ ਕਾਠ ਨਾਲਿ ਰਲ ਕੇ ਲੋਹਾ ਨਿਰਸੰਦੇਹ ਤਰ ਜਾਂਦਾ ਹੈ ਤਿਵੇਂ ਪਾਪ-ਕਰਮਾਂ ਕਰਕੇ ਪਾਪੀ ਭਏ ਪਾਪਿਸ਼ਟ ਨਰ, ਗੁਰੂ ਘਰ ਦੇ ਗੁਰਮੁਖ ਸਾਧ ਜਨਾਂ, ਗੁਰੂ ਸਤਿਗੁਰੂ ਦੇ ਘਰ ਦੇ ਗੁਰਮੁਖ ਸਾਧਾਂ ਦੀਆਂ ਸੰਗਤਾਂ ਨਾਲਿ ਰਲ ਕੇ ਤਰ ਜਾਂਦੇ ਹਨ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਏਹਨਾਂ ਚੌਹਾਂ ਵਰਨਾਂ ਵਿਚੋਂ ਭਾਵੇਂ ਕੋਈ ਕਿਸੇ ਵਰਨ ਦਾ ਭੀ ਪੁਰਸ਼ ਯਾ ਇਸਤ੍ਰੀ ਹੋਵੇ ਅਤੇ ਗ੍ਰਿਹਸਤ, ਬ੍ਰਹਮਚਰਯ, ਬਾਨਪ੍ਰਸਤ, ਸੰਨਿਆਸ ਏਹਨਾਂ ਚੌਹਾਂ ਆਸ਼ਰਮਾਂ ਵਾਲਿਆਂ ਵਿਚੋਂ ਭਾਵੇਂ ਕੋਈ ਮਿਲੇ, ਗੁਰੂ, ਸੱਚੇ ਗੁਰੂ, ਗੁਰੂ ਨਾਨਕ ਸਾਹਿਬ ਨੂੰ ਅਤੇ ਗੁਰੂ ਨਾਨਕ ਸਾਹਿਬ ਦੇ ਘਰ ਦੀਆਂ ਗੁਰ-ਸੰਗਤਾਂ ਨੂੰ, ਸੋ ਆਪ ਭੀ ਤਰ ਜਾਂਦਾ ਹੈ ਅਤੇ ਉਸ ਦੀਆਂ ਸਾਰੀਆਂ ਕੁਲਾਂ ਭੀ ਤਰ ਜਾਂਦੀਆਂ ਹਨ। ਚਾਹੇ ਕਿੰਨੀਆਂ ਹੀ ਪਾਪ ਕਰਮ ਕਰੰਨੀਆਂ ਹੋਣ। ਇਹ ਸਾਰਾ ਪਰਤਾਪ ਗੁਰਮੰਤ੍ਰ ਗੁਰਸ਼ਬਦ ਦਾ ਹੈ। ਜਿਸਦੀਆਂ ਕਮਾਈਆਂ ਕਰਕੇ ਪਾਪ ਕਮਾਤੇ ਅਗਲੇ ਪਿਛਲੇ ਸਾਰੇ ਕਰਮ ਹੀ ਕੱਟੇ ਜਾਂਦੇ ਹਨ। ਰਿਜਮ ਭੀ ਬਾਕੀ ਨਹੀਂ ਰਹਿੰਦੀ। ਐਸਾ ਹੈ ਪਾਰਸ ਰੂਪ ਗੁਰ ਸ਼ਬਦ ਤੇ ਐਸੀ ਹੈ ਪਾਰਸ ਰੂਪ ਕਮਾਈ ਗੁਰ ਸ਼ਬਦ ਦੀ।


www.AKJ.Org

ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥
॥੩॥੧॥ (ਬਸੰਤ ਰਾਮਾਨੰਦ ਜੀ, ਪੰਨਾ ੧੧੯੫)

ਸਤਿਗੁਰ ਸੱਚੇ ਪਾਤਸ਼ਾਹ ਦੇ ਜਿਤਨੇ ਭੀ ਬਲਿਹਾਰਨੇ ਜਾ ਸਕੀਏ, ਤਿੰਨਾ ਹੀ ਥੋੜਾ ਹੈ, ਕਿਉਂਕਿ ਸਤਿਗੁਰ ਦੇ ਪਰਤਾਪ ਨਾਲ ਸਤਿਗੁਰ ਦੇ ਦੀਖਿਅਤ ਸਬਦ (ਗੁਰਮੰਤ੍ਰ) ਨੇ ਸਾਰੇ ਵਿਆਕੁਲਤਾ ਵਾਲੇ ਭਰਮ ਕਟ ਦਿਤੇ। ਗੁਰ ਕਾ ਸ਼ਬਦ ਸਾਰੇ ਹੀ ਕਿਲਵਿਖ ਭਰਮਾਂ ਨੂੰ ਕਟਣ ਲਈ ਸਮਰੱਥ ਹੈ। ਹਰੀ ਪ੍ਰਮਾਤਮ ਰੂਪ ਸੁਆਮੀ ਬ੍ਰਹਮ ਸਾਰੇ ਹੀ ਵਿਆਪਕ ਹੈ। ਗੁਰੂ-ਵਰੋਸਾਇਆ ਭਗਤ ਰਾਮਾਨੰਦ ਪਾਰਬ੍ਰਹਮ ਦਾ ਸਾਖੀ ਰੂਪ ਹੋ ਕੇ ਸਾਖਾ ਭਰਦਾ ਹੈ ਕਿ ਗੁਰੂ ਕਾ ਸ਼ਬਦ (ਗੁਰਮੰਤ੍ਰ) ਕੋਟ ਕਰਮਾਂ ਨੂੰ ਕਟਣ ਲਈ ਸਮਰੱਥ ਹੈ। ਪਰਤੱਖ ਕਟ ਦਿੰਦਾ ਹੈ। ਕੋਟ ਕਰਮਾਂ ਨੂੰ ਕਟਦਾ ਹੋਇਆ ਗੁਰਸ਼ਬਦ ਅਜ਼ਮਾਇਆ ਮਾਇਆ ਹੈ। ਇਸ ਵਿਚ ਰੰਚਕ ਸੰਦੇਹ ਨਹੀਂ।

ਕੋਟਿ ਕਰਮ ਕਰਿ ਦੇਹ ਨ ਸੋਧਾ॥ ਸਾਧ ਸੰਗਤਿ ਮਹਿ ਮਨੁ ਪਰਬੋਧਾ ॥੨॥ (੪॥੩)
(ਕਾਨੜਾ ਮ: ੫, ਪੰਨਾ ੧੨੯੮)

ਭਾਵ- ਕੂੜਾਂ ਕਰਮਾਂ ਦੇ ਕਰਨ ਕਰਿ ਮਾਨੁਖਾ ਦੇਹੀ ਦਾ ਸੁਧ ਹੋਣਾ ਅਤੇ ਸੋਧਿਆ ਜਾਣਾ ਅਸੰਭਵ ਹੈ। ਗੁਰੂ ਘਰ ਦੀ ਸਾਧ ਸੰਗਤਿ ਦੇ ਤੁਫ਼ੈਲ ਹੀ ਮਨ ਪਰਬੋਧਿਆ ਜਾ ਕੇ ਸੁਧ ਹੋ ਜਾਂਦਾ ਹੈ। ਗੁਰਮਤਿ ਨਾਮ ਦੀ ਇਕ ਕਣੀ ਕੋਟਾਨ ਕੋਟ ਕਰਮਾਂ ਤੇ ਭੀ ਅਧਿਕ ਸੁਭਰ ਗੁਣਾਂ ਵਾਲੀ ਹੈ, ਕੋਟਾਂ ਪਾਪਾਂ ਦੇ ਕਟਣ ਨੂੰ, ਕੋਟਾਨ ਕੋਟ ਕਰਮਾਂ ਦੀ ਰੇਖਾ ਦੇ ਕਟਣ ਨੂੰ। ਐਸਾ ਗੁਰ ਕਾ ਸਬਦ ਹੈ।

ਹਰਿ ਕੇ ਚਰਨ ਹਿਰਦੈ ਗਾਇ ॥
ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥੧॥ਰਹਾਉ॥
ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖੁ ਜਾਇ ॥੧॥
ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥
ਤਾਪ ਸੰਤਾਪ ਮਿਟੇ ਨਾਨਕ ਬਹੁੜਿ ਕਾਲੁ ਨ ਖਾਇ ॥੨॥੧੧॥
(ਕਾਨੜਾ ਮ: ੫, ਪੰਨਾ ੧੩੦੦)

ਵਿਆਖਿਆ :- ਗੁਰ ਸ਼ਬਦ ਅਭਿਆਸ ਵਿਖੇ ਲਿਵਲੀਨ ਹੋ ਕੇ ਜਦੋਂ ਹਿਰਦੇ ਅੰਦਰਿ ਜੋਤਿ-ਕਿਰਣ ਪ੍ਰਕਾਸ਼ਤ ਹੁੰਦੀ ਹੈ ਉਹ ਵਾਹਿਗੁਰੂ ਜੋਤੀਸ਼ਰ ਦੇ ਚਰਨਾਂ ਦੀ ਝਲਕ ਹੁੰਦੀ ਹੈ। ਇਸ ਝਲਕ ਦੇ ਝਿਲਮਿਲੀ ਦੀਦਾਰ ਨਾਲਿ ਮਸਤ (ਝਲੇ) ਹੋ ਕੇ ਜਦੋਂ ਹਰਿ ਗੁਣ ਗਾਈਦੇ ਹਨ ਓਦੋਂ ਵਾਹਿਗੁਰੂ ਦੇ ਜੋਤਿ ਦੀ ਝਲਕ ਝਿਲਮਿਲੀ ਚਰਨਾਂ ਦੀ ਮਹਿਮਾ ਹੀ ਗਾਈਦੀ ਹੈ। ਇਹ ਹਿਰਦੰਤਰੀ ਜੋਤਿ ਝਲਕ ਅਤੀਅੰਤ ਹੀ ਮਿੱਠੀ ਸੀਤਲਤਾ ਵਾਲੀ ਹੁੰਦੀ ਹੁੰਦੀ ਹੈ, ਜਿਸ ਦੀ ਮਿਠਾਸ ਵਿਚਿ ਮਹਿਵ ਹੋ ਕੇ ਮੇਰੇ ਆਨੰਦੀ ਵਾਹਿਗੁਰੂ ਦੀ ਮਹਾਂ ਅਨੰਦਮਈ ਸ਼ਾਂਤ ਤੇਜਸ੍ਵੀ ਮੂਰਤੀ ਨਾਮ ਸਿਮਰਨਹਾਰੇ ਦੇ ਹਰ ਛਿਨ ਸਨਮੁਖ ਰਹਿੰਦੀ ਹੈ। ਇਸ ਸੁਖ ਸ਼ਾਂਤਿ ਮੂਰਤਿ ਨੂੰ ਸਨਮੁਖ ਰਖਦਿਆਂ ਹੋਇਆਂ ਧਿਆਨੀ ਦਾ ਧਿਆਨ ਹੋਰ ਭੀ ਅਰੂੜ ਹੋ ਕੇ ਜੁੜਦਾ ਹੈ। ਇਸ ਧਿਆਨ-ਸਿਮਰਨ ਸੱਧੇ ਸੁਤੇ ਸਿੱਧ ਹੀ ਸਫੁਰਨ ਹੋਈਆਂ ਅਭਿਆਸੀ ਜਨ ਦੀਆਂ ਆਸਾਂ ਸਾਰੀਆਂ ਪੂਰਨ ਹੋ ਜਾਂਦੀਆਂ ਹਨ ਅਤੇ ਐਸੇ ਸ਼ਬਦ ਅਭਿਆਸ ਦੇ ਪਰਤਾਪ ਨਾਲਿ ਕੋਟਿ ਜਨਮਾਂ ਦੇ ਕਰਮਾਂ ਦੇ ਗੇੜ ਵਾਲਾ ਆਵਾਗਵਨੀ ਦੁਖ ਦੂਰ ਕਾਫੂਰ ਹੋ ਜਾਂਦਾ ਹੈ। ਪੁੰਨ ਦਾਨ ਆਦਿਕ ਅਨੇਕ ਆਨਮਤ ਕਿਰਿਆ ਵਾਲੇ ਕਰਮ, ਗੁਰੂ ਘਰ ਦੀ ਹਰਿ ਗੁਣ ਗਾਵਨੀ ਗੁਰ ਸ਼ਬਦ ਧਿਆਵਨੀ ਸਾਧ ਸੰਗਤਿ ਦੇ ਪ੍ਰਭਾਵ ਕਰਿ ਵਿਚੇ ਹੀ ਸਮੇਟੇ ਜਾਂਦੇ ਹਨ, ਕਟੇ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦੀ ਸਿਖਿਆ ਗੁਰ ਸ਼ਬਦ ਦੀਖਿਆ ਦਾ ਸਦਕਾ ਤਾਪ ਸੰਤਾਪ ਸਗਲੇ ਹੀ ਮਿਟਿ ਜਾਂਦੇ ਹਨ। ਫੇਰ ਮੁੜ ਕੇ ਗੁਰ ਸ਼ਬਦ ਅਭਿਆਸੀ ਕਰਮੀ ਨੂੰ ਕਾਲ ਨਹੀਂ ਖਾਂਦਾ। ਉਸ ਦੇ ਪਿਛੇ ਕਮਾਤੇ ਕੋਟਿ ਕਰਮ ਭੀ ਕੱਟੇ ਜਾਂਦੇ ਹਨ, ਗੁਰ ਸ਼ਬਦ ਦੇ ਪ੍ਰਤਾਪ ਕਰਕੇ।

ਪੇਖਿ ਪੇਖਿ ਬਿਗਸਾਉ ਸਾਜਨ॥ ਪ੍ਰਭੁ ਆਪਨਾ ਇਕਾਂਤ ॥੧॥ ਰਹਾਉ॥

ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ ॥੧॥
ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥੨॥
ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸ਼ਾਂਤਿ ॥
ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ ॥੪॥
॥੪॥੧੫॥ (ਕਾਨੜਾ ਮ: ੫, ਪੰਨਾ ੧੩੦੦-੦੧)

ਵਿਆਖਿਆ – ਦਰਸ ਵਿਗਾਸੀ ਜੋਤਿ ਪ੍ਰਲਾੜ ਦਾ ਉਘਾੜ ਹੋਣ ਪਰ, ਇਸ ਦਰਸ ਵਿਗਾਸ ਦੇ ਨਜ਼ਾਰੇ ਦੇ ਵਿਚਿ ਸਾਜਨ ਸੁਖ ਪ੍ਰੀਤਮ ਦਾ ਪਰਤੱਖ ਸਨਮੁਖ ਦੀਦਾਰਾ ਹੁੰਦਾ ਹੈ। ਸਾਜਨ ਦੇ ਇਸ ਦੀਦਾਰੇ ਨੂੰ ਪੇਖਿ ਪੇਖਿ ਦੇਖ ਦੇਖ ਕੇ ਮੁਸ਼ਤਾਕ-ਦੀਦਾਰੂਆ ਵਿਗਸ ਵਿਗਸ ਕੇ, ਬਿਹਸ ਬਿਹਸ ਕੇ, ਅੰਦਰੇ ਅੰਦਰਿ ਬਿਸਮਾਦ ਦਰਸ਼ਨ ਨੂੰ ਜਰ ਜਰ ਕੇ ਮਹਾਂ ਅਨੰਦ ਹੁੰਦਾ ਹੋਇਆ ਮੁਸਕ੍ਰਾਉਂਦਾ ਹੈ। ਮੁਸਕੜੀਏ ਹੱਸਦਾ ਹੈ। ਕਿਸੇ ਨੂੰ ਲਖਾਉਂਦਾ ਨਹੀਂ। ਇਹ ਪ੍ਰਭ ਪ੍ਰੀਤਮ ਸੰਗਿ ਕੇਲ ਕਰਨ ਵਾਲੀ ਨਿਰੋਲ ਏਕਾਂਤ ਬਿਵਸਥਾ ਹੁੰਦੀ ਹੈ ਜੋ ਵਿਰਲੇ ਵਾਂਝਿਆਂ ਗੁਰਮੁਖਾਂ ਤੇ ਹੀ ਵਾਪਰਦੀ ਹੈ। ਅਤੇ ਇਸ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਇਹ ਰੰਗ ਮਾਣਿਆ ਹੈ। ਇਹ "ਕਰੈ ਅਨੰਦੁ ਅਨੰਦੀ ਮੇਰਾ" ਵਾਲੀ ਅਤਿ ਸੁਖ-ਸਹਿਜਨੀ ਆਤਮ-ਬਿਵਸਥਾ ਹੁੰਦੀ ਹੈ। ਜਿਸ ਵਿਚ ਪਰਮ ਅਨੰਦੀ (ਪਰਮਾਨੰਦੀ) ਸੁਖ ਸਹਿਜਨੀ ਮੂਰਤੀ ਵਾਲੇ ਅਕਾਲ ਮੂਰਤਿ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੁੰਦੇ ਹਨ। ਸਾਂਗੋ ਪਾਂਗ ਸਨਮੁਖੀ ਦੀਦਾਰੇ ਹਰ ਦੰਮ ਹੁੰਦੇ ਰਹਿੰਦੇ ਹਨ। ਚੇਤੇ ਰਹੇ ਕਿ ਵਾਹਿਗੁਰੂ ਨਿਰੰਕਾਰ ਦੀ ਆਕਾਰ ਰਹਿਤ ਮੂਰਤੀ ਹੈ। ਮੂਰਤਿ ਤਾਂ ਉਸ ਦੀ ਹੈ, ਪਰ ਕਾਲ ਅਕਾਲ ਪੁਰਖ ਦੀ ਮੂਰਤੀ ਚੱਕਰ ਚੇਹਨੀ ਮੂਰਤੀ ਨਹੀਂ। ਕਾਲ ਰਹਿਤ, ਅਕਾਰ ਰਹਿਤ, ਜੋਤਿ ਤੇਜ ਮੁਜੱਸਮੀ ਅਕਾਲ ਮੂਰਤੀ ਹੈ, ਜਿਸਨੂੰ ਪੇਖ ਕੇ ਪੇਖਨਹਾਰੇ ਪ੍ਰੇਮੀ ਮੁਸ਼ਤਾਕੜੇ ਉਪਰ ਨਿਰੀ ਬਿਸਮਾਦਤਾ ਹੀ ਬਿਸਮਾਦਤਾ ਛਾਈ ਰਹਿੰਦੀ ਹੈ। ਇਸ ਬਿਸਮਾਦ ਸਰੂਪ ਅਲੌਕਿਕ ਵਜੂਦ ਮੁਜੱਸਮ ਸੁਹੱਪਣ ਸਮਾਨ (ਸਦਰਸ) ਹੋਰ ਕੋਈ ਵਜੂਦ ਨਹੀਂ। ਇਸ ਭਾਂਤ ਆਨ ਕੋਈ ਦਰਸ਼ਨ ਨਹੀਂ। ਇਸ ਦੇ ਤੁਲ ਹੋਰ ਕੋਈ ਦਰਸ਼ਨੀ ਮੂਰਤਿ ਨਹੀਂ। ਇਸ ਅਲੌਕਿਕ ਅਤੁਲਤਾ ਕਰਾਂਦੀ ਦਰਸ਼ਨ ਨੂੰ ਪੇਖਿ ਪੇਖਿ ਸਿਮਰਨ ਦੀ ਇਕ ਅਧਿਭੁਤ ਲਹਿਰ ਛਿੜ ਪੈਂਦੀ ਹੈ। ਸਨਮੁਖੀ ਦਰਸ਼ਨਾਂ ਦਾ ਕੌਤਕ ਬਿਸਮਾਦ ਜਨਕ ਅਹਿਲਾਦ ਦਾ ਲਖਾਇਕ ਹੈ। ਇਹ ਬਿਸਮ ਬਿਨੋਦੀ ਸਨਮੁਖਤਾ ਵਾਲੇ ਦਰਸ਼ਨ, ਮਿਲਨਾ ਤੀਸੀ ਰੌ ਸਿਮਰਨ ਦੀ ਛੇੜ ਦਿੰਦੇ ਹਨ। ਇਸ ਦਰਸ਼ਨਿ ਸਮਾਏ, ਦਰਸ਼ਨਿ ਬਿਸਮਾਏ "ਸਿਮਰਤ" ਦੀ ਅਵਸਥਾ ਪ੍ਰਾਪਤ ਹੋਣ ਪਰ ਸਾਧਾਰਨ ਸ਼ਰਧਾ ਸੰਪੂਰਤੀ ਸਿਮਰਨ ਇਕ ਵਾਰ ਕਰਨ ਕਰਿ "ਮਿਟਿ ਕੋਟਿ ਕਸਮਲ ਜਾਂਤਿ" ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਕੋਟਿ ਕਰੂਰ ਕਰਮੀ ਬੱਜਰ ਪਾਪ ਮਿਟ ਜਾਂਦੇ ਹਨ। "ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਤਿ॥" ਇਸ ਗੁਰਵਾਕ ਪੰਗਤੀ ਤੋਂ ਸਾਫ ਸਿੱਧ ਹੈ ਕਿ ਗੁਰ ਸ਼ਬਦ ਦਾ ਇਕ ਵਾਰੀ ਸਿਮਰਨ ਕੀਤਾ ਕ੍ਰੋੜਾਂ ਪਾਪਾਂ ਅਤੇ ਕ੍ਰੋੜਾਂ ਪਾਪ-ਕਰਮਾਂ ਨੂੰ ਦਘਧ ਕਰਨ ਲਈ ਸਮਰੱਥ ਹੈ। ਜੈਸੇ ਕਿ ਲਖਾਂ ਕ੍ਰੋੜਾਂ ਮਣਾਂ ਲਕੜੀਆਂ ਦੇ ਢੇਰ ਨੂੰ ਬੈਸੰਤਰ ਦੀ ਇਕੋ ਚਿੰਗਾੜੀ ਸਾੜ ਸਿਟਦੀ ਹੈ, ਇਸੇ ਤਰ੍ਹਾਂ ਇਕ ਵਾਰ ਗੁਰਮਤਿ ਨਾਮ ਦੀ ਜਾਪ ਕੀਤਾ ਕ੍ਰੋੜਾਂ ਹੀ ਕਸਮਲ ਪਾਪਾਂ ਕੁਕਰਮਾਂ ਸੰਤਾਪਾਂ ਨੂੰ ਦਘਧ ਕਰਨ ਲਈ ਸਮਰੱਥ ਹੈ। ਵਾਹਿਗੂਰੂ ਦੇ ਗੁਣਾਂ ਨੂੰ ਰਮਣ ਕੀਤਿਆਂ, ਵਾਹਿਗੁਰੂ ਗੁਣਾਂ ਨੂੰ ਗਾਂਵਿਆ ਗਾਵਿਆਂ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ। ਅਤੇ ਦੁਖਾਂ ਕਲੇਸਾਂ ਤੋਂ ਤਪੇ ਹੋਇ ਹਿਰਦੇ ਸਾਂਤ (ਸੀਤਲ ਠੰਡੇ) ਹੋ ਜਾਂਦੇ ਹਨ। ਅੰਮ੍ਰਿਤ ਬਾਣੀ ਰੂਪੀ ਅੰਮ੍ਰਿਤ-ਗੁਣ ਗਾਉਣ ਕਰਕੇ ਰਸਨਾ ਅੰਮ੍ਰਿਤ ਦੇ ਹੀ ਗਟਾਕ ਰਸ ਪੀਂਦੀ ਹੈ ਅਤੇ ਵਾਹਿਗੁਰੂ ਦੇ ਰੰਗਾਂ ਵਿਚਿ ਹੀ ਰੰਗੀ ਜਾਂਦੀ ਹੈ। ਗੁਣ ਗਾਉਣ ਵਾਲਾ ਭੀ ਅੰਮ੍ਰਿਤ ਦੇ ਗਟਾਕ ਹੀ ਪੀਂਦਾ ਹੈ ਅਤੇ ਰਸ-ਜੋਤਿ ਰੰਗਾਂ ਦੇ ਰੰਗਾਂ ਵਿਚਿ ਰੰਗੀਜਿਆ ਜਾਂਦਾ ਹੈ।

ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ ॥
ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥
ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥

ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥
ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ ॥੧੪॥
(ਕਾਨੜੇ ਕੀ ਵਾਰ ਮ: ੪, ਪੰਨਾ ੧੩੧੮)

ਵਿਆਖਿਆ – ਸੁਖਾਂ ਦੇ ਸਾਗਰ ਵਾਹਿਗੁਰੂ ਦਾ ਜਾਪ ਜਪੀਐ ਅਤੇ ਮਨ ਦੀਆਂ ਸਰਬ ਇਛਿਆਵਾਂ ਪੂਰਨ ਕਰੀਏ। ਵਾਹਿਗੁਰੂ ਆਪ ਸੁਖਾਂ ਦਾ ਸਾਗਰ ਹੈ। ਵਾਹਿਗੂਰੂ ਨਾਮ ਦਾ ਜਾਪ ਹੀ ਸਰਬ ਸੁਖਦਾਇਕ ਹੈ। ਇਸ ਨੂੰ ਜਪਿਆਂ ਸੁਤੇ ਸੁਭਾਵ ਹੀ ਮਨ ਦੀਆਂ ਮੱਧਮ ਤੋਂ ਮੱਧਮ ਇਛਿਆਵਾਂ ਪੂਰੀਆਂ ਹੋ ਜਾਂਦੀਆਂ ਹਨ। ਗੁਰੂ ਕੇ ਸ਼ਬਦ ਗੁਰਮੰਤ੍ਰ ਦੇ ਅਭਿਆਸ ਦੁਆਰਾ, ਅਭਿਆਸ ਕਰਦਿਆਂ ਕਰਦਿਆਂ ਜਦੋਂ ਜੋਤਿ ਪ੍ਰਕਾਸੀ ਕਿਰਨ ਰਿਦੰਤਰਿ ਆਇ ਵਿਗਸਦੀ ਹੈ ਤਦੋਂ ਉਹੀ ਨਾਮ ਹੀਰਾ ਰਤਨ ਹੋ ਕੇ ਅੰਤਰਿ-ਆਤਮੇ ਪਸੁਜਤ ਹੋ ਜਾਂਦਾ ਹੈ। ਇਹ ਵਾਹਿਗੁਰੂ ਦੇ ਚਰਨਾਂ ਦਾ ਪਹਿਲਾ ਲਿਸ਼ਕਾਰਾ, ਜੋਤਿ ਰਤਨਾਗਰੀ ਚਮਤਕਾਰਾ ਹੁੰਦਾ ਹੈ। ਉਸ ਸਮੇਂ ਅਭਿਆਸ ਅੱਤ ਅਪਾਰ ਰਸ-ਰੰਗਾਂ ਵਿਚਿ ਹੁੰਦਾ ਦਿਸੰਦਾ ਹੈ। ਨਿਰਯਤਨ ਆਮੁਹਾਰਾ ਹੀ ਹੋਈ ਜਾਂਦਾ ਹੈ। ਇਹ ਰਤਨਾਂ ਦੀ ਖਾਣ ਵਾਹਿਗੁਰੂ ਚਰਨਾਰਬਿੰਦ ਦਾ ਅਰਾਧਨ ਹੈ। ਗੁਰ ਸਾਧ ਸੰਗਤਿ ਵਿਚਿ ਵਾਸਾ ਹੋਣ ਦਾ ਇਹ ਉਚ ਮਨੋਰਥੀ ਸਵਾਬ ਹੈ, ਜੋ ਤੱਤ ਉਧਾਰ ਦਾ ਸੁਗਮ-ਸਾਰ (ਸੁਖਾਲਾ ਤੇ ਸ੍ਰੇਸ਼ਟ) ਵਸੀਲਾ ਹੈ। ਇਸ ਸੁਗਮ-ਸਾਰ ਉਧਾਰ ਹੋਣ ਪਰ ਸੁਤੇ ਹੀ ਸਾਰੇ ਕਮਾਤੇ ਕਰਮਾਂ ਦੇ ਲੇਖੇ ਚੁੱਕ ਜਾਂਦੇ ਹਨ ਅਤੇ ਜਮਰਾਜੇ ਦੇ ਦਫ਼ਤਰ ਦੇ ਲੇਖੇ ਵਾਲੇ ਕਾਗਦ ਸਭਿ ਫਟ ਜਾਂਦੇ ਫਾੜੇ ਜਾਂਦੇ ਹਨ। ਕਾਈ ਰਿਜਮ ਭੀ ਬਾਕੀ ਨਹੀਂ ਰਹਿੰਦੀ। ਕੋਟਿ ਪਾਪ ਭਸਮ ਹੋ ਜਾਂਦੇ ਹਨ। ਇਛਾ ਰਹਿਤ ਵਾਹਿਗੁਰੂ (ਬੈਰਾਗਰ) ਨੂੰ ਜਪਿਆਂ ਇਛਾ ਰਹਿਤ ਹੋ ਜਾਈਦਾ ਹੈ। ਪਰ ਸੁਤੇ-ਸਫੁਰਤ ਇਛਾਵਾਂ ਸੁਤੇ ਸਿਧਿ ਹੀ ਪੂਰੀਆਂ ਹੋ ਜਾਂਦੀਆਂ ਹਨ। ਉਂਵ ਸੰਕਲਪ ਕਰਕੇ ਨਿਰਾ ਹੀ ਨਿਰ-ਇੱਛਤ ਹੋ ਜਾਈਦਾ ਹੈ। ਇਹ ਜਨਮ ਪਦਾਰਥ ਜਿੱਤਿਆ ਜਾਂਦਾ ਹੈ। ਮਨੁੱਖਾ ਜਨਮ (ਜੋ ਰਤਨ ਪਦਾਰਥ ਹੈ) ਸਫਲਾ ਹੋ ਜਾਂਦਾ ਹੈ। ਇਹ ਸਭ ਸਤਿਗੁਰੂ ਦੀ ਸ਼ਰਨਾਗਤਿ ਆਉਣ ਦਾ ਸਦਕਾ ਹੈ। ਤਾਂਤੇ ਸਾਰਿਆਂ ਨੂੰ, ਪ੍ਰਾਣੀ ਮਾਤਰ ਨੂੰ ਸਤਿਗੁਰੂ ਦੀ ਸ਼ਰਨੀ ਪੈ ਕੇ ਸਤਿਗੁਰੂ ਦਾ ਸਚਿਆਰ ਸਿਖ ਬਣਨਾ ਚਾਹੀਦਾ ਹੈ। ਜਨਮ ਜਨਮਾਤ੍ਰਾਂ ਦੇ ਦੁਖ ਦਲਿੱਦਰਾਂ ਦੇ ਦਾਗ (ਕਲੰਕ) ਮਿਟ (ਬਿਨਸ) ਜਾਂਦੇ ਹਨ।

ਆਠ ਪਹਰ ਸਿਮਰਹੁ ਪ੍ਰਭ ਨਾਮੁ ॥ ਅਨਿਕ ਤੀਰਥ ਮਜਨੁ ਇਸਨਾਨੁ ॥
ਪਾਰਬ੍ਰਹਮ ਕੀ ਸਰਣੀ ਪਾਹਿ ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥੩॥(੪॥੨੬॥੯੫)
(ਗਉੜੀ ਗੁਆ: ਮ: ੫, ਪੰਨਾ ੧੮੪)

ਭਾਵ– ਵਾਹਿਗੁਰੂ ਨਾਮ ਅੱਠੇ ਹੀ ਪਹਿਰ ਸਿਮਰਿਆਂ ਅਨੇਕਾਂ ਹੀ ਤੀਰਥਾਂ ਦਾ ਅੱਠ-ਪਹਿਰੀ ਮੱਜਨ ਇਸ਼ਨਾਨ ਹੁੰਦਾ ਰਹਿੰਦਾ ਹੈ। ਪਾਰਬ੍ਰਹਮ ਪਰਮੇਸ਼ਰ ਦੀ ਚਰਨ ਸ਼ਰਨ ਪ੍ਰਾਪਤਿ ਹੁੰਦੀ ਹੈ, ਵਾਹਿਗੁਰੂ ਨਾਮ ਜਪਿਆਂ, ਜਿਸ ਜਾਪ ਸਿਮਰਨ ਦੇ ਪ੍ਰਤਾਪ ਕਰਿ ਪਾਪ ਕਰਮਾਂ ਦੇ ਕੀਤੇ ਹੋਏ ਕ੍ਰੋੜਾਂ ਕਲੰਕ ਇਕ ਛਿਨ ਮਾਤਰ ਵਿਚਿ ਮਿਟਿ ਜਾਂਦੇ ਹਨ, ਕੋਟ ਪਾਪ ਕਰਮ ਕੀਤੇ ਭਸਮ ਹੋ ਜਾਂਦੇ ਹਨ।

ਨਿਰਮਲ ਉਦਕੁ ਗੋਵਿੰਦ ਕਾ ਨਾਮੁ ॥ ਮਜਨੁ ਕਰਤ ਪੂਰਨ ਸਭਿ ਕਾਮ ॥੧॥
ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨॥
(ਗਉੜੀ ਮ: ੫, ਪੰਨਾ ੧੯੮-੯੯)

ਭਾਵ– ਵਾਹਿਗੁਰੂ ਦਾ ਨਾਮੁ ਐਸਾ ਨਿਰਮਲ ਜਲ ਹੈ ਜਿਸ ਦੇ ਸਿਮਰਨ ਰੂਪੀ ਮੱਜਨ ਇਸ਼ਨਾਨ ਕੀਤਿਆਂ ਸਭੋ ਮਨੋਰਥ ਪੂਰੇ ਹੁੰਦੇ ਹਨ। ਗੁਰੂ ਘਰ ਦੀ ਸਾਧ ਸੰਗਤਿ ਵਿਚਿ ਮਿਲ ਕੇ ਹਰਿ-ਜਸ ਕੀਤਿਆਂ ਅਤੇ ਵਾਹਿਗੁਰੂ ਨਾਮ ਲੀਤਿਆਂ ਕੋਟਾਨ ਕੋਟ ਜਨਮਾਂ ਦੇ ਕੀਤੇ ਪਾਪ-ਕਰਮ, ਕੋਟਾਨ ਕੋਟ ਬਜਰ ਪਾਪ ਕੱਟੇ ਜਾਂਦੇ ਹਨ। ਐਸਾ ਹੈ ਗੁਰਮਤਿ ਨਾਮ, ਗੁਰੂ ਕਾ ਸ਼ਬਦ, ਜਿਸ ਦੇ ਜਾਪ ਕਰਨ ਕਰਿ ਕੋਟ ਪਾਪ ਕੱਟੇ ਜਾਂਦੇ ਹਨ।

ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥
ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ ਰਹਾਉ ॥
(੪॥੭੭॥੧੪੬) (ਗਉੜੀ ਮ: ੫, ਪੰਨਾ ੧੯੫)


www.AKJ.Org

ਵਾਹਿਗੁਰੂ ਸਿਮਰਨ ਦਾ ਐਸਾ ਪਰਤਾਪ ਹੈ ਕਿ ਕੋਟਾਨ ਕੋਟ ਜਨਮਾਂ ਦੇ ਪਾਪ ਕਰਮਾਂ ਦੀ ਮੈਲ ਇਕ ਛਿਨ ਦੇ ਸਿਮਰਨ ਮਾਤਰ ਨਾਲਿ ਲਹਿ ਜਾਂਦੀ ਹੈ।

ਜੀਅਨ ਕਾ ਦਾਤਾ ਪੂਰਨ ਸਭ ਠਾਇ ॥ ਕੋਟਿ ਕਲੇਸ ਮਿਟਹਿ ਹਰਿ ਨਾਇ ॥
ਜਨਮ ਮਰਨ ਸਗਲਾ ਦੂਖੁ ਨਾਸੈ॥ ਗੁਰਮੁਖਿ ਜਾ ਕੈ ਮਨਿ ਤਨਿ ਬਾਸੈ॥੨॥(੪॥੩॥੨੪)
(ਧਨਾਸਰੀ ਮ: ੫, ਪੰਨਾ ੬੭੭)

ਸਗਲ ਜੀਆਂ ਜੰਤਾਂ ਦਾ ਪ੍ਰਤਿਪਾਲਕ, ਰਾਜ਼ਕ, ਦਾਤਾ ਸਾਰੀਆਂ ਥਾਵਾਂ ਦੇ ਪਰੀਪੂਰਨ ਹੈ, ਜਿਸ ਦਾ ਨਾਮ ਜਪਣ ਨਾਲਿ ਕੋਟ ਕਲੇਸ਼ ਮਿਟਦੇ ਹਨ, ਦੂਰ ਹੁੰਦੇ ਹਨ। ਆਵਾ-ਗਵਨ ਜਨਮ ਮਰਨ ਦਾ ਸਾਰਾ ਹੀ ਦੂਖ ਦੂਰ ਹੋ ਜਾਂਦਾ ਹੈ, ਜਿਸਦੇ ਮਨ ਤਨ ਅੰਦਰਿ ਵਾਹਿਗੁਰੂ ਵਸ ਜਾਂਦਾ ਹੈ।

ਜਪਿ ਮਨ ਰਾਮ ਨਾਮੁ ਨਿਸਤਾਰਾ ॥ ਕੋਟ ਕੋਟੰਤਰ ਕੇ ਪਾਪ ਸਭਿ ਖੋਵੈ
ਹਰਿ ਭਵਜਲੁ ਪਾਰਿ ਉਤਾਰਾ ॥੧॥ ਰਹਾਉ ॥੪॥ (੨॥) (ਬੈਰਾੜੀ ਮ: ੪, ਪੰਨਾ ੭੨੦)

ਸਰਬਤ੍ਰ ਰਮ ਰਹੇ ਵਾਹਿਗੁਰੂ ਦਾ ਨਾਮ ਜਪਿਆਂ ਹੀ ਨਿਸਤਾਰਾ ਹੁੰਦਾ ਹੈ। ਐਸਾ ਨਿਸਤਾਰਾ ਕਿ ਕੋਟਾਨ ਕੋਟ ਪਾਪ-ਕਰਮ ਕੀਤੇ ਸਭਿ ਦਘਧ ਹੋ ਜਾਂਦੇ ਹਨ, ਖੋਏ ਜਾਂਦੇ ਹਨ। ਐਸੇ ਖੋਏ ਜਾਂਦੇ ਹਨ ਕਿ ਓਹਨਾਂ ਦਾ ਮੁਸ਼ਕ ਨਹੀਂ ਰਹਿੰਦਾ ਅਤੇ ਇਸ ਭੈ-ਸਾਗਰ ਸੰਸਾਰ ਤੋਂ ਸੁਖੈਨ ਹੀ ਪਾਰ ਹੋ ਜਾਈਦਾ ਹੈ। ਐਸਾ ਹੈ ਪ੍ਰਤਾਪ ਗੁਰਮਤਿ ਨਾਮ ਦਾ । (ਚਲਦਾ)

(ਪੰਨਾ ੨੧ ਦਾ ਬਾਕੀ ...)

ਇਸ ਵਾਸਤੇ ੫੦ ਪੁਰਸ਼ ਮਰੀਜ਼ਾਂ ਦੇ ਬਿਨਾਂ ਸ਼ੇਵ ਕੀਤਿਆਂ ਪੇਟ ਦੇ ਹਰ ਕਿਸਮ ਦੇ ਉਪਰੇਸ਼ਨ ਕੀਤੇ ਗਏ। ਮਰੀਜ਼ ਨੂੰ ਉਪਰੇਸ਼ਨ ਦਾ ਹਿੱਸਾ ਚੰਗੀ ਤਰ੍ਹਾਂ ਧੋਣ ਤੋਂ ਬਾਅਦ ਉਪਰੇਸ਼ਨ ਥੀਏਟਰ ਵਿਚ ਬੁਲਾਇਆ ਜਾਂਦਾ ਸੀ। ਬੀਟਾਡੀਨ ਨਾਲ ਸਾਫ ਕਰਨ ਤੋਂ ਬਾਦ ਵਾਲਾਂ ਦੇ ਵਿਚ ਦੀ ਹੀ ਚੀਰਾ ਦਿੱਤਾ ਜਾਂਦਾ ਸੀ ਅਤੇ ਉਪਰੇਸ਼ਨ ਤੋਂ ਬਾਅਦ ਜ਼ਖ਼ਮ ਨੂੰ ਆਮ ਵਾਗ ਬੰਦ ਕੀਤਾ ਜਾਂਦਾ ਸੀ। ਕੀਤੇ ਗਏ ਉਪਰੇਸ਼ਨਾਂ ਦੀ ਸੂਚੀ ਇਸ ਤਰ੍ਹਾਂ ਹੈ :

-ਹਰਨੀਆਂ-੧੨ -ਅਪੈਂਡਿਕਸ-੯ -ਪਿੱਤੇ ਦਾ ਉਪਰੇਸ਼ਨ-੭ -ਪੂਰਾ ਪੇਟ ਚਾਕ-੭ -
-ਗੁਰਦੇ ਦੀ ਪੱਥਰੀ-੪ -ਪਰੋਸਟੇਟ-੬ -ਤਿੱਲੀ ਕੱਢਣਾ -੧ - ਮਿਹਦੇ ਦਾ ਕੱਢਣਾ-੧
-ਵੇਗੋਟਮੀ-੧ ਸਿਸਟੋ-ਗੈਸਟਰੋਸਟਮੀ-੧ ਵੇਰੀਕੋਸੀਲ-੧

ਇਹਨਾਂ ਵਿਚੋਂ ਸਿਰਫ ਇਕ ਹੀ ਜ਼ਖ਼ਮ ਪੱਕਿਆ, ਬਾਕੀ ਸਭ ਬਿਲਕੁਲ ਠੀਕ-ਠਾਕ ਰਾਜ਼ੀ ਹੋਏ। ਇਹ ਸਾਫ ਦੇਖਿਆ ਗਿਆ ਕਿ ਹੇਠ ਲਿਖੀਆਂ ਗੱਲਾਂ ਦਾ ਕੋਈ ਅਸਰ ਨਹੀਂ ਹੋਇਆ ਜਿਵੇਂ ਕਿ:

-ਵਾਲਾ ਦੀ ਲੰਬਾਈ ਤੇ ਸੰਘਣਾਪਨ।
-ਚੀਰੇ ਦੀ ਲੰਬਾਈ ਤੇ ਜਗ੍ਹਾ।
-ਉਪਰੇਸ਼ਨ ਨੂੰ ਲੱਗਿਆ ਵਕਤ।

ਚੀਰਾ ਦੇਣ ਵੇਲੇ ਕਈ ਵਾਰ ਉਸ ਨੂੰ ਸਹੀ ਰੱਖਣ ਵਿਚ ਕੁਝ ਮੁਸ਼ਕਲ ਆਉਂਦੀ ਸੀ। ਵਾਲ ਜ਼ਖ਼ਮ ਵਿਚ ਡਿੱਗ ਜਾਣ ਦਾ ਵੀ ਕੋਈ ਮਾੜਾ ਅਸਰ ਨਹੀਂ ਹੋਇਆ ਅਤੇ ਟਾਂਕੇ ਲਗਾਉਣ ਵਿਚ ਕੋਈ ਔਖਿਆਈ ਨਹੀਂ ਸਮਝੀ ਗਈ। ਸਿਰਫ ਪੱਟੀ ਲਾਹੁਣ ਵੇਲੇ ਵਾਲ ਚੇਪੀ ਨਾਲ ਚਿਪਕਣ ਕਾਰਨ ਤਕਲੀਫ ਹੁੰਦੀ ਸੀ।

ਇਸ ਖੋਜ ਦੇ ਬਹੁਤ ਹੀ ਅੱਛੇ ਨਤੀਜਿਆਂ ਨੂੰ ਵੇਖਦਿਆਂ ਹੋਇਆਂ ਅਸੀਂ ਹੁਣ ਸਾਰੇ ਹੀ ਉਪਰੇਸ਼ਨ ਬਿਨਾਂ ਸ਼ੇਵ ਤੋਂ ਕਰਦੇ ਹਾਂ ਅਤੇ ਇਸ ਦੇ ਨਤੀਜੇ ਸਰਜੀਕਲ ਕਾਨਫੰਰਸਾਂ ਵਿਚ ਵੀ ਪੇਸ਼ ਕਿਤੇ ਗਏ ਹਨ ਅਤੇ ਇਸ ਚੀਜ਼ ਨੂੰ ਅੰਮ੍ਰਿਤਧਾਰੀ ਸਿੰਘਾਂ ਨੇ ਬਹੁਤ ਹੀ ਪਸੰਦ ਕੀਤਾ ਹੈ ਕਿਉਂਕਿ ਸ਼ੇਵ ਕਰਨ ਨਾਲ ਉਹਨਾਂ ਦੇ ਮਨ 'ਤੇ ਬਹੁਤ ਸੱਟ ਵਜਦੀ ਸੀ। ਇਹ ਨਤੀਜੇ ਸਾਇੰਸ ਦੇ ਮੁਤਾਬਕ ਬਿਲਕੁਲ ਸਹੀ ਹਨ।

— — — — —


www.AKJ.Org

# ਕੀਰਤਨ ਸਰਗਰਮੀਆਂ

ਅੰਮ੍ਰਿਤਸਰ ਹਰ ਮਹੀਨੇ ਦੀ ਤਰਾਂ ਗੁ: ਬਿਬੇਕਸਰ ਸਾਹਿਬ ਵਿਖੇ ਹੋਣ ਮਾਸਿਕ ਰੈਣਿ ਸਬਾਈ ਕੀਰਤਨ ੨੬ ਜੂਨ ਰਾਤ ਨੂੰ ਸੱਚੇ ਪਾਤਸ਼ਾਹ ਦੀ ਅਪਾਰ ਕ੍ਰਿਪਾ ਸਦਕਾ ਰੰਗਾਂ ਵਿਚ ਸੰਪੂਰਨ ਹੋਏ। ਭਾਈ ਮਨਪ੍ਰੀਤ ਸਿੰਘ ਜੀ ਕਾਨਪੁਰ ਵਾਲੇ ਤੇ ਭਾਈ ਦਲਜਿੰਦਰ ਸਿੰਘ ਜੀ ਪਟਿਆਲੇ ਤੋਂ ਉਚੇਚੇ ਤੌਰ ਤੇ ਕੀਰਤਨ ਸਮਾਗਮ ਦੀਆਂ ਹਾਜ਼ਰੀਆਂ ਭਰਨ ਲਈ ਪਹੁੰਚੇ ਤੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਅਗੰਮੀ ਰਸ ਭੁੰਚਾ ਕੇ ਨਿਹਾਲ ਕੀਤਾ। ਲੁਧਿਆਣਾ, ਫਗਵਾੜਾ, ਤੇ ਹੋਰ ਕਈ ਸ਼ਹਿਰਾਂ ਤੋਂ ਸੰਗਤਾਂ ਆਪੋ ਆਪਣੀਆਂ ਗੱਡੀਆਂ ਕਰਕੇ ਉਚੇਚੇ ਤੌਰ ਤੇ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ ਪਹੁੰਚੀਆਂ।

ਲੁਧਿਆਣਾ: ਗੁਰੂ ਸਵਾਰੇ, ਲਾਡਲੇ ਵੀਰ ਭਾਈ ਸਾਹਿਬ ਡਾ: ਪ੍ਰੀਤਮ ਸਿੰਘ ਜੀ ਜਲੰਧਰ ਵਾਲੇ ਜੋ ਕਿ ਪਿਛਲੇ ਸਾਲ ਲੁਧਿਆਣੇ ਵਿਖੇ ਰੈਣਿ ਸਬਾਈ ਕੀਰਤਨ ਦੀਆਂ ਹਾਜ਼ਰੀਆਂ ਭਰਨ ਤੋਂ ਬਾਅਦ ਵਾਪਸੀ ਸਮੇਂ ਹਾਦਸੇ ਕਾਰਨ ਅਕਾਲ ਚਲਾਣਾ ਕਰ ਗਏ ਸਨ ਇਨ੍ਹਾਂ ਦੀ ਮਿੱਠੀ ਸਾਲਾਨਾ ਯਾਦ ਮਨਾਉਂਦਿਆਂ ਹੋਇਆਂ ਲੁਧਿਆਣੇ ਦੀਆਂ ਸੰਗਤਾਂ ਵੱਲੋਂ ਉਚੇਚੇ ਸਮਾਗਮ ਰਚਾਏ ਗਏ 30 ਜੂਨ ਤੋਂ ੨ ਜੁਲਾਈ ਤੱਕ ਗੁਰਬਾਣੀ ਦੇ ਅਖੰਡ ਜਾਪ ਅਤੇ ਭੋਗ ਉਪ੍ਰੰਤ ਗੁਰਬਾਣੀ ਕੀਰਤਨ ਦੇ ਅਖਾੜੇ ਸਜੇ ਉਪ੍ਰੰਤ 3 ਜੁਲਾਈ ਰਾਤ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਰੈਣਿ ਸਬਾਈ ਕੀਰਤਨ ਅਖਾੜੇ ਸਜਾਏ ਗਏ ਇਸ ਵਿਚ ਦੂਰ-ਦੂਰ ਤੋਂ ਪਹੁੰਚੀਆਂ ਸੰਗਤਾਂ ਦੀ ਹਾਜ਼ਰੀ ਅਖੰਡ ਕੀਰਤਨੀ ਜੱਥੇ ਦੇ ਕਿਸੇ ਕੇਂਦਰੀ ਸਮਾਗਮ ਦਾ ਭੁਲੇਖਾ ਪਾ ਰਹੀ ਸੀ। ਬਾਹਰਲੇ ਸ਼ਹਿਰਾਂ ਤੋਂ ਆਏ ਹੋਏ ਵੀਰ ਭੈਣਾਂ ਨੇ ਸਾਰੀ ਰਾਤ ਸੰਗਤਾਂ ਨੂੰ ਗੁਰਬਾਣੀ ਦੇ ਹਰਿ ਜਸ ਨਾਮ ਜੋੜੀ ਰੱਖਿਆ। ਸਮਾਪਤੀ ਸਮੇਂ ਗੁਰੂ ਮਹਾਰਾਜ ਪਾਸ ਇਸੇ ਤਰਾਂ ਦੇ ਚੜ੍ਹਦੀਆਂ ਕਲਾਂ ਵਾਲੇ ਹਰਿ ਜਸ ਦੇ ਕੀਰਤਨ ਸਮਾਗਮਾਂ ਦੀ ਜਾਚਨਾ ਕੀਤੀ ਗਈ।

ਫਗਵਾੜਾ: ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ – ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਹਰ ਸਾਲ ਦੀ ਤਰਾਂ ਇਸ ਸਾਲ ਵੀ ਅਖੰਡ ਕੀਰਤਨੀ ਜੱਥਿਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫਗਵਾੜਾ ਦੇ ਸਹਿਯੋਗ ਨਾਲ ਗੁ: ਸਾਹਿਬ ਛੇਵੀਂ ਪਾਤਸ਼ਾਹੀ - ਚੌੜਾ ਖੂਹ ਫਗਵਾੜਾ ਵਿਖੇ 10 ਜੂਨ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਾਏ ਗਏ। ਵਖ-ਵਖ ਸ਼ਹਿਰਾਂ ਤੋਂ ਬੇਅੰਤ ਸੰਗਤਾਂ ਨੇ ਸਮਾਗਮਾਂ ਦੀਆਂ ਹਾਜ਼ਰੀਆਂ ਭਰੀਆਂ ਤੇ ਹਰਿ ਜਸ ਕੀਰਤਨ ਦਾ ਆਨੰਦ ਮਾਣਿਆ।

## ਜ਼ਰੂਰੀ ਬੇਨਤੀ

ਸਾਰੇ ਸ਼ਹਿਰਾਂ ਦੀਆਂ ਸੰਗਤਾਂ ਆਪੋ ਆਪਣੇ ਇਲਾਕਿਆਂ ਵਿਚ ਆਉਂਦੇ ਦਿਨਾਂ ਵਿਚ ਹੋਣ ਵਾਲੇ ਅਤੇ ਪਿਛਲੇ ਦਿਨੀਂ ਹੋ ਚੁਕੇ ਲੋਕਲ ਅਤੇ ਕੇਂਦਰੀ ਸਮਾਗਮਾਂ ਦੀ ਸੂਚਨਾ ਹਰ ਮਹੀਨੇ 10 ਤ੍ਰੀਕ ਤੱਕ ਸੂਰਾ ਦਫ਼ਤਰ ਮਾਰਫ਼ਤ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਭੇਜ ਦਿਉ ਜੀ ਤਾਂ ਕਿ ਉਸ ਨੂੰ ਯੋਗ ਥਾਂ ਤੇ ਛਾਪਿਆ ਜਾ ਸਕੇ ਜੀ

ਸੰਪਾਦਕ

---


**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦਿਹਾੜੇ ਤੇ ਪਾਕਿਸਤਾਨ ਦੇ ਚੌਣਵੇ ਗੁਰਧਾਮਾਂ ਦੀ ਇਤਿਹਾਸਕ ਯਾਤਰਾ ਅਤੇ ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਸ੍ਰੀ ਨਨਕਾਣਾ ਸਾਹਿਬ ਵਿਖੇ।**

ਪ੍ਰੋਗਰਾਮ ਰਵਾਨਗੀ :- ਸ਼ਨੀਵਾਰ 13 ਨਵੰਬਰ ੧੧ ਲੰਡਨ ਤੋਂ ਲਾਹੌਰ

ਵਾਪਸੀ :- ਸ਼ਨੀਵਾਰ ੨੭ ਨਵੰਬਰ ੧੧ ਲਾਹੌਰ ਤੋਂ ਲੰਡਨ

ਇਸ ੨ ਹਫਤਿਆਂ ਦੇ ਯਾਤਰਾ ਦੌਰਾਨ ਹਰੇਕ ਇਤਿਹਾਸਕ ਗੁਰੂ ਘਰ ਵਿਖੇ ਜੱਥੇ ਵਲੋਂ ਕੀਰਤਨ ਦਰਬਾਰ ਰਖੇ ਜਾਣਗੇ ਅਤੇ ੨੨ ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਇਤਿਹਾਸਕ ਰੈਣਿ ਸਬਾਈ ਕੀਰਤਨ ਹੋਣਗੇ, ਦੁਨੀਆਂ ਭਰ ਦੇ ਸਮੂਹ ਜੱਥੇ ਦੇ ਮੈਂਬਰਾਂ ਨੂੰ ਬੇਨਤੀ ਹੈ ਕਿ ਨਨਕਾਣਾ ਸਾਹਿਬ ਦੇ ਰੈਣਿ ਸਬਾਈ ਤੇ ਵਧ ਚੜ੍ਹ ਕੇ ਹਾਜਰੀਆਂ ਭਰਨ ਜੀ ਇਸ ਯਾਤਰਾ ਦੀ ਪੂਰੀ ਜਾਣਕਾਰੀ ਲਈ Tel :- ਭਾ: ਉਂਕਾਰ ਸਿੰਘ 01753572737 ਭਾ: ਅਮਨਦੀਪ ਸਿੰਘ 01215586473





www.AKJ.Org

## ਆਉਂਦੇ ਸਮੇਂ ਵਿਚ ਹੋਣ ਵਾਲੇ ਕੀਰਤਨ ਸਮਾਗਮ

ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ 7 ਅਗਸਤ ਰਾਤ ਨੂੰ।
ਗੁ: ਸ੍ਰੀ ਗੁਰੂ ਸਿੰਘ ਸਭਾ ਫਰੀਦਕੋਟ ਵਿਖੇ ਰੈਣਿ ਸਬਾਈ ਕੀਰਤਨ 7 ਅਗਸਤ ਰਾਤ ਨੂੰ।
ਗੁ: ਸਾਹਿਬ ਪਿੰਡ ਰਾਮਗੜ੍ਹ (ਚੰਡੀਗੜ੍ਹ ਰੋਡ) ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 7 ਅਗਸਤ ਰਾਤ ਨੂੰ।
ਭੋਪਾਲ (ਮੱਧ ਪ੍ਰਦੇਸ) ਗੁ: ਨਾਨਕ ਦਰਬਾਰ ਵਿਖੇ ਰੈਣਿ ਸਬਾਈ ਕੀਰਤਨ 14 ਅਗਸਤ ਰਾਤ ਨੂੰ।

### ਗੁ: ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ) ਵਿਖੇ ਰੈਣਿ ਸਬਾਈ ਕੀਰਤਨ

ਦਸਮ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਗੁ: ਪਾਉਂਟਾ ਸਾਹਿਬ ਵਿਖੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ੨੧ ਅਗਸਤ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 14 ਅਗਸਤ ਰਾਤ ਨੂੰ।

### ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ

300 ਸਾਲਾ ਸਾਜਨਾ ਦਿਵਸ ਨੂੰ ਸਮਰਪਿਤ ਚੱਲ ਰਹੀ ਲੜੀ ਅਨੁਸਾਰ 15 ਅਗਸਤ ਐਤਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਗੁ: ਬਿਬੇਕਸਰ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ

ਸਮੂਹ ਸ਼ਹੀਦਾਂ ਦੀ ਯਾਦ ਵਿਚ ਹਰ ਮਹੀਨੇ ਦੀ ਤਰਾਂ ੨8 ਅਗਸਤ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ

### ਜਲੰਧਰ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 395ਵੇਂ ਪ੍ਰਕਾਸ਼ ਪੁਰਬ ਸਬੰਧੀ ਗੁ: ਛੇਵੀ ਪਾਤਸ਼ਾਹੀ ਬਸਤੀ ਸ਼ੇਖ ਜਲੰਧਰ ਵਿਖੇ 11 ਸਤੰਬਰ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦਾ ਸਾਲਾਨਾ ਕੇਂਦਰੀ ਸਮਾਗਮ

ਹਰ ਸਾਲ ਦੀ ਤਰਾਂ ਬਾਬੇ ਦਾ ਵਿਆਹ ਪੁਰਬ ਦਾ ਕੇਂਦਰੀ ਸਮਾਗਮ ਬਟਾਲਾ ਵਿਖੇ 16 ਤੋਂ 19 ਸਤੰਬਰ ਤੱਕ ਰਚਾਇਆ ਜਾ ਰਿਹਾ ਹੈ। ਵੇਰਵਾ ਆਉਂਦੇ ਪਰਚੇ ਵਿਚ।

## ਵਿਦੇਸ਼ਾਂ ਵਿਚ ਅਖੰਡ ਕੀਰਤਨ ਸਮਾਗਮ

### ਸਾਲਾਨਾ ਅਖੰਡ ਕੀਰਤਨ ਸਮਾਗਮ ਕੈਲੀਫੋਰਨੀਆ, ਯੂ. ਐਸ. ਏ.

19 ਅਗਸਤ ਵੀਰਵਾਰ ਸ਼ਾਮ ਨੂੰ 6 ਤੋਂ 9 ਰਹਿਰਾਸ ਸਾਹਿਬ ਅਤੇ ਅਖੰਡ ਕੀਰਤਨ ਸਿੱਖ ਸੁਸੈਇਟੀ ਟੈਂਪਲ; (916) 688-3020 Sikh Society Temple 7676 PRADSHAW SACRAMENTO, CA 95829

੨0 ਅਗਸਤ ਸ਼ੁਕਰਵਾਰ ਸਵੇਰੇ 6 ਤੋਂ 10 ਆਸਾ ਦੀ ਵਾਰ ਅਤੇ ਅਖੰਡ ਕੀਰਤਨ ਭਾਈ ਕੇਵਲ ਸਿੰਘ ਭਾਈ ਪ੍ਰਭਜੋਤ ਸਿੰਘ ਅਤੇ ਪ੍ਰਵਾਰ BHAI KEWAL SINGH, PRABJOT SINGH & FAMILY 28450 FOX HOLLOW Dr. HAYWARD, CAL (510) 886-5755

੨0 ਅਗਸਤ ਸ਼ੁਕਰਵਾਰ ਸ਼ਾਮ ਨੂੰ ਰਹਿਰਾਸ ਸਾਹਿਬ ਅਤੇ ਅਖੰਡ ਕੀਰਤਨ ਭਾਈ ਅਜਮੇਰ ਸਿੰਘ ਅਤੇ ਪ੍ਰਵਾਰ; (925) 372-0607 BHAI AJMER SINGH & FAMILY 212 VALLEY GLEN LANE MARTINEZ, CA 94553

੨1 ਅਗਸਤ ਸਨਿੱਚਰਵਾਰ ਸਵੇਰੇ 6 ਤੋਂ 10 ਸ੍ਰੀ ਆਸਾ ਦੀ ਵਾਰ ਅਤੇ ਅਖੰਡ ਕੀਰਤਨ ਅਤੇ ਸ਼ਾਮ 6 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ। ਗੁਰਦੁਆਰਾ ਸਾਹਿਬ ਐਲਸਬਰਾਂਟੇ; (925) 223-9987 GURDWARA SAHIB ELSOBRANTE 3550 HILCREST AVE. EL SOBRANTE, CA

ਪੁੱਛਗਿਛ :- ਭਾਈ ਰਜਿੰਦਰ ਸਿੰਘ (510) 429-8225, ਭਾਈ ਪ੍ਰਭਜੋਤ ਸਿੰਘ (510) 886-5755

(ਅਖੰਡ ਕੀਰਤਨੀ ਜੱਥਾ ਯੂ. ਕੇ. ਦੇ ਸਮਾਗਮ ਪੰਨਾ ੨੭ ਅਤੇ ੩੯ ਤੇ ਦੇਖੋ ...)

| ਸੂਰਾ ਸਹਾਇਤਾ | | ਫ੍ਰੀ ਲਿਟਰੇਚਰ ਫੰਡ | |
|---|---|---|---|
| ਗੁਪਤ- | ੨0-00 | ਗੁਪਤ- | 100-00 |
| ਗੁਰਸੁਰਜੀਤ ਸਿੰਘ ਲੁਧਿਆਣਾ- | ੨0-00 | ਮਨਧੀਰ ਸਿੰਘ- | 50-00 |
| ਗੁਪਤ- | ੨0-00 | | |

# ਭੁਲੇਖਾ ਨਾ ਰਵ੍ਹੇ

ਇਹ ਭੁਲੇਖਾ ਨ ਰਵ੍ਹੇ ਕਿ ਕੇਸ ਦਾੜ੍ਹੀ ਸਾਬਤ ਰੱਖਣ ਦਾ ਹੁਕਮ ਕੇਵਲ ਦਸਵੇਂ ਗੁਰੂ ਜੀ ਨੇ ਹੀ ਦਿਤਾ ਸੀ।

ਗਿਆਨ ਰਤਨਾਵਲੀ ਵਿਚ ਭਾ: ਸਾਹਿਬ ਮਨੀ ਸਿੰਘ ਜੀ ਲਿਖਦੇ ਹਨ ਕਿ ਜਦ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੀ ਆਗਿਆ ਮੰਨ ਕੇ ਪ੍ਰਚਾਰ ਦੌਰਿਆਂ ਲਈ ਪਹਿਲੀ ਵਾਰ ਤੁਰਨ ਲਗੇ ਤਾਂ ਗੁਰੂ ਪਾਤਸ਼ਾਹ ਤੋਂ ਮਰਦਾਨਾ ਜੀ ਨੇ ਉਪਦੇਸ਼ ਮੰਗਿਆ, ਤਾਂ ਸਾਹਿਬ ਨੇ ਕਿਹਾ ਸੀ :-

(੧) ਕੇਸ ਨਹੀਂ ਕਟਾਉਣੇ। (੨) ਪਿਛਲੀ ਰਾਤ ਉਠ ਕੇ ਪ੍ਰਭੂ ਦਾ ਨਾਮ ਜਪਣਾ।
(੩) ਆਏ ਗਏ ਭਲੇ ਪੁਰਸ਼ ਦੀ ਸੇਵਾ ਕਰਨੀ।

ਇਥੇ ਹੀ ਬੱਸ ਨਹੀਂ, ਧਰਮੀ ਹਕੀਕਤ ਰਾਏ (ਸ਼ਹੀਦ) ਜੀ ਦੇ ਦਾਦਾ ਭਾ: ਨੰਦ ਲਾਲ ਜੀ ਪੁਰੀ ਜਦ ਸਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਜੀ ਪਾਸ ਦਰਸ਼ਨ ਕਰਨ ਲਈ ਪਿੰਡ ਗਲੋਟੀਆਂ ਖੁਰਦ ਆਏ ਤਾਂ ਉਪਦੇਸ਼ ਮੰਗਣ ਤੇ ਮਹਾਰਾਜ ਨੇ ਇਹ ਕਿਹਾ ਸੀ :-

(੧) ਕੇਸ ਨਹੀਂ ਕਟਵਾਉਣੇ। (੨) ਤੰਬਾਕੂ ਨਹੀਂ ਪੀਣਾ। (੩) ਟੋਪੀ ਨਹੀਂ ਪਹਿਨਣਾ।

ਇਸ ਤਰ੍ਹਾਂ ਇਤਿਹਾਸ ਵਿਚ ਕਈ ਹੋਰ ਵੀ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਕੇਸ ਦਾੜ੍ਹੀ ਸਾਬਤ ਰੱਖਣ ਦਾ ਹੁਕਮ ਪਹਿਲੇ ਗੁਰੂ ਸਾਹਿਬ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਗਿਆ ਸੀ ਅਤੇ ਗੁਰਬਾਣੀ ਵਿਚ ਵੀ 'ਕੇਸ' ਸ਼ਬਦ ਦੀ ਵਰਤੋਂ ਅਨੇਕ ਵਾਰ ਕੀਤੀ ਗਈ ਮਿਲਦੀ ਹੈ। ਗੁਰੂ ਕਾਲ ਦੇ ਸਿਖ ਇਤਿਹਾਸ ਵਿਚ ਕਿਧਰੇ ਵੀ ਕੋਈ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਸਿੱਖ ਨੇ ਦਾੜ੍ਹੀ ਜਾਂ ਕੇਸਾਂ ਦੀ ਬੇਅਦਬੀ ਕੀਤੀ ਹੋਵੇ। ਕੇਸਾਂ ਨੂੰ ਸਾਬਤ ਸੂਰਤ ਰੱਖਣ ਖਾਤਰ ਜਾਨ ਤੱਕ ਨਿਛਾਵਰ ਕਰ ਦੇਣਾ, ਖੋਪਰੀਆਂ ਲੁਹਾ ਦੇਣ ਦਾ ਜ਼ਿਕਰ ਇਤਿਹਾਸ ਵਿਚ ਅੰਕਿਤ ਹੈ। ਦਸਮੇਸ਼ ਜੀ ਨੇ ਕੇਸਾਂ ਦੀ ਬੇਅਦਬੀ ਨੂੰ ਕੁਰਹਿਤ ਵਿਚ ਸ਼ਾਮਲ ਕੀਤਾ ਹੈ।

ਯਾਦ ਰਹੇ ਕਿ ਕੁਰਹਿਤ ਕਰਨ ਵਾਲਾ ਸਿੱਖ, ਸਿੱਖ ਨਹੀਂ ਰਹਿੰਦਾ ਸਗੋਂ ਪਤਿਤ ਹੋ ਜਾਂਦਾ ਹੈ ਅਤੇ ਸਿੱਖੀ ਦਾਇਰੇ ਤੋਂ ਖਾਰਜ ਸਮਝਿਆ ਜਾਂਦਾ ਹੈ।

www.AKJ.Org



# ਗੁਰਦੁਆਰਾ ਪਾਉਂਟਾ ਸਾਹਿਬ

ਸ੍ਰੀ ਦਸਮੇਸ਼ ਪਿਤਾ ਜੀ ਵੱਲੋਂ ਜਮਨਾ ਦੇ ਰਮਣੀਕ ਕੰਢੇ ਤੇ ਵਸਾਈ ਨਗਰੀ ਪਾਉਂਟਾ ਸਾਹਿਬ, ਗੁਰੂ ਪਾਤਸ਼ਾਹ ਦੀ ਅਗੰਮੀ ਸਖਸ਼ੀਅਤ ਦੀ ਸ਼ਾਹਦੀ ਭਰਦੀ ਹੈ। ਆਪ ਜੀ ਸੰਮਤ 1741 ਬਿਕਰਮੀ ਨੂੰ ਇਸ ਜਗ੍ਹਾ ਪਧਾਰੇ ਤੇ ਲਗਭੱਗ 4 ਸਾਲ ਇਸੇ ਹੀ ਧਰਤੀ ਨੂੰ ਭਾਗ ਲਾਏ। ਇਸ ਅਸਥਾਨ ਤੇ ਆਪ ਜੀ ਨੇ ਬਹੁਤ ਸਾਰੇ ਵਿਦਵਾਨਾਂ ਅਤੇ ਕਵੀਆਂ ਨੂੰ ਬੁਲਵਾ ਕੇ ਹਿੰਦੁਸਤਾਨ ਦੇ ਪੁਰਾਤਨ ਸਾਹਿਤ ਨੂੰ ਸੋਧਿਆ ਤੇ ਆਪ ਚੰਡ਼ੀ ਚਰਿੱਤਰ ਤੇ ਹੋਰ ਬਹੁਤ ਸਾਰੀ ਬਾਣੀ ਇਸ ਜਗ੍ਹਾ ਰਚੀ। ਇਥੇ ਹੀ ਪੀਰ ਬੁਧੂਸ਼ਾਹ ਜੀ ਆਪਣੇ 500 ਮੁਰੀਦਾਂ ਸਮੇਤ ਆਪ ਜੀ ਨੂੰ ਮਿਲੇ। ਇਸੇ ਥਾਂ ਹੀ ਆਪ ਜੀ ਦੀ ਬਾਬਾ ਰਾਮ ਰਾਇ ਨਾਲ ਮਿਲਣੀ ਹੋਈ। ਇਥੋਂ ਹੀ ਆਪ ਨੇ ਸਿੱਖਾਂ ਨੂੰ ਸੰਸਕ੍ਰਿਤ ਪੜਾਨ ਲਈ ਬਨਾਰਸ ਭੇਜਿਆ। ਇਸ ਅਸਥਾਨ ਦੇ ਨੇੜੇ ਹੀ ਭੰਗਾਣੀ ਦੇ ਅਸਥਾਨ ਤੇ ਪਹਾੜੀ ਰਾਜਿਆਂ ਨਾਲ ਪਹਿਲੀ ਜੰਗ ਲੜੀ ਅਤੇ ਜਿੱਤੀ। ਗੁਰੂ ਸਾਹਿਬ ਦੀ ਯਾਦ ਵਿਚ ਹੁਣ ਇੱਥੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਹੋਲੇ ਮਹੱਲੇ ਦੇ ਮੌਕੇ ਤੇ ਇਥੇ ਭਾਰੀ ਜੋੜ ਮੇਲਾ ਭਰਦਾ ਹੈ।

**ਇਸ ਰਮਣੀਕ ਅਤੇ ਯਾਦਗਾਰੀ ਅਸਥਾਨ ਵਿਖੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ 21 ਅਗਸਤ ਰਾਤ ਨੂੰ ਰੈਣਿ ਸਬਾਈ ਅਖੰਡ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ।।**

(ਬਾਕੀ ਦੇ ਕੀਰਤਨ ਸਮਾਗਮ ਅੰਦਰਲੇ ਪੰਨਿਆਂ ਤੇ ਦੇਖੋ ਜੀ)

www.AKJ.Org